ੴ ਸਤਿ ਗੁਰ ਪ੍ਰਸਾਦਿ॥

ਇਕ ਅਦੁੱਤੀ ਪੈਗੰਬਰ: **ਗੁਰੂ ਅਮਰਦਾਸ ਜੀ** (1479-1574) ਸਿਰਦਾਰ ਕਪੂਰ ਸਿੰਘ

ਸਿੱਖ ਧਾਰਮਿਕ ਸਾਹਿਤ ਵਿੱਚ ਤੀਜੇ ਨਾਨਕ, ਗੁਰੂ ਅਮਰਦਾਸ ਜੀ ਨੂੰ ਅਦੁੱਤੀ ਸਤਿਗੁਰੂ ਕਿਹਾ ਗਿਆ ਹੈ; (ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥) ਸਿੱਖ ਸਿੱਧਾਂਤਾਂ ਅਨੁਸਾਰ ਰੁਹਾਨੀ ਜਗਤ ਵਿਚ ਰੱਬ ਦੇ ਪੈਗੰਬਰ ਜਾਂ ਰੁਤਬੇ ਦੀ ਉਚ ਨੀਚ ਨਹੀਂ ਹੁੰਦੀ; ਸਿੱਖ ਧਰਮ ਗ੍ਰੰਥ ਸਾਰੇ ਸੱਚੇ ਪੈਗੰਬਰਾਂ ਅਤੇ ਪਵਿੱਤ੍ਰ ਪੁਰਸ਼ਾਂ ਦਾ ਇੱਕੋ ਜਿਹਾ ਬਹੁਤ ਸਨਮਾਨ ਕਰਦਾ ਹੈ; (ਨਾਨਕ ਵਿਚਾਰਾ ਕਿਆ ਕਹੈ॥ ਸਭ ਲੋਕੁ ਸਲਾਹੇ ਏਕਸੈ॥ ਸਿਰ ਨਾਨਕ ਲੋਕਾ ਪਾਵ ਹੈ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥) ਪ੍ਰੰਤੂ ਜਿਸ ਸਮੇਂ ਤੇ ਵਾਤਾਵਰਣ ਵਿਚ ਰੱਬ ਦੇ ਪੈਗੰਬਰ ਪ੍ਰਗਟ ਹੋਕੇ ਵਿਚਰਦੇ ਹਨ, ਦੀ ਭਿੰਨਤਾ ਜ਼ਰੂਰ ਹੁੰਦੀ ਹੈ। ਇਸੇ ਭਾਵਨਾਂ ਕਰਕੇ ਗੁਰਬਾਣੀ ਵਿਚ ਗੁਰੂ ਅਮਰਦਾਸ ਜੀ ਨੂੰ 'ਅਦੁੱਤੀ' ਪੈਗੰਬਰ ਕਿਹਾ ਜਾਂਦਾ ਹੈ। ਗੁਰੂ ਅਮਰਦਾਸ ਜੀ ਦਾ ਰੁਹਾਨੀ ਪ੍ਰਕਾਸ਼ ਸੋਲ੍ਹਵੀਂ ਸਦੀ ਦੇ ਦੂਜੇ ਅੱਧ ਵਿਚ ਹੋਇਆ ਜਦੋਂ ਭਾਰਤ ਵਿਚ ਅਸਪਸ਼ਟਤਾ ਦਾ ਮਹੌਲ ਸੀ। ਗੁਰੂ ਜੀ ਧਾਰਮਿਕ ਅਕਾਸ਼ ਉਪਰ ਇਕ ਤਾਰੇ (Quasar) ਵਾਂਗ ਪ੍ਰਗਟ ਹੋਏ ਪਰ ਉਨ੍ਹਾਂ ਦੇ ਮਹੱਤਵ ਨੂੰ ਪੂਰੀ ਤਰ੍ਹਾਂ ਜਾਣਿਆਂ ਨਹੀਂ ਗਿਆ। ਇਹ ਤਾਰਾ ਕਿਸੇ ਸਾਧਾਰਣ ਤਾਰੇ ਤੋਂ ਲੱਖਾਂ ਗੁਣਾਂ ਵਧੇਰੇ ਊਰਜਾ ਛੱਡਦਾ ਹੈ। ਇਹ ਵਿਸ਼ੇਸ਼ ਤਾਰਾ ਨਾਂ-ਮੰਨਣਯੋਗ ਰੌਸ਼ਨੀ ਦਿੰਦਾ ਹੈ ਅਤੇ ਅਨੁਮਾਨ ਹੈ ਕਿ ਇਹ ਤਾਰਾ ਸਾਡੇ ਤੋਂ 5300 ਮਿਲੀਅਨ ਪ੍ਰਕਾਸ਼-ਵਰ੍ਹੇ ਦੂਰ ਹੈ; ਜਦੋਂ ਕਿ ਉਪ-ਗ੍ਰਹਿ ਤੇ ਛੋਟੇ ਗ੍ਰਹਿ ਸਾਡੇ ਸੂਰਜੀ ਮੰਡਲ ਦੇ ਹੀ ਛੋਟੇ ਮੈਂਬਰ ਹਨ। ਉਹ ਲੋਕ ਜਿਹੜੇ ਦਸ ਗੁਰੂ ਸਾਹਿਬਾਨ ਨੂੰ ਹਿੰਦੂ ਵੈਸ਼ਨਵ ਪ੍ਰੰਪਰਾ ਦੇ ਮਹਾਂ-ਪਵਿੱਤ੍ਰ ਭਗਤ ਜਾਂ ਸੰਤ ਮੰਨਦੇ ਹਨ, ਉਹ ਉਸ ਵੱਡੇ ਤਾਰੇ ਨੂੰ ਇੰਨ੍ਹਾਂ ਉਪ-ਗ੍ਰਹਿਆਂ ਦੇ ਬਰਾਬਰ ਦੱਸਣ ਦੀ ਗਲਤੀ ਕਰ ਰਹੇ ਹੁੰਦੇ ਹਨ। ਨਾਂ ਹੀ ਸਾਨੂੰ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਤੋਂ ਬਾਅਦ ਦੇ ਗੁਰੂ ਸਹਿਬਾਨ ਦਾ ਅੰਦਾਜ਼ਾ, ਉਨ੍ਹਾਂ ਦੁਆਰਾ ਸਮਾਜ ਤੇ ਇਤਿਹਾਸ ਉਪਰ ਪਏ ਪ੍ਰਭਾਵ ਨੂੰ ਦੇਖਕੇ ਲਾਉਣਾ ਚਾਹੀਦਾ ਹੈ। ਸਾਨੂੰ ਧਰਮ ਨੂੰ ਮਾਰਕਸਵਾਦੀ ਸਮਾਜਕ ਤਬਦੀਲੀ ਦਾ ਸੰਦ ਨਹੀਂ ਸਮਝਣਾ ਚਾਹੀਦਾ। ਇਸ ਸੰਬੰਧੀ ਪ੍ਰਸਿੱਧ ਮਸੀਹੀ ਧਰਮ-ਸ਼ਾਸਤ੍ਰੀਕ ਦਾ ਕਥਨ ਹੈ:(Adorf Van Harnack, Die Mission, 1902) "ਉਹ ਧਰਮ ਨੂੰ ਹਾਨੀ ਪਹੁੰਚਾਉਂਦਾ ਹੈ, ਜਦੋਂ ਉਹ ਇਸ ਨੂੰ ਸੱਭਿਆਚਾਰ ਤੇ ਮਨੁੱਖੀ ਪ੍ਰਗਤੀ ਲਈ ਮਾਪਦਾ ਹੈ। ਜੀਵਨ ਦੇ ਅਰਥਾਂ ਦੇ ਰਹੱਸ ਹਮੇਸ਼ਾ ਪਰ-ਦੁਨਿਆਵੀ ਮੰਡਲਾਂ ਵਿਚ ਪਏ ਹਨ। ਪਰਾ-ਜਗਤ ਵਿਚ ਮਨੁੱਖ ਦੀ ਅਸਲ ਕੀਮਤ ਪੈਂਦੀ ਹੈ"; (ਕਚ ਪਕਾਈ ਓਥੈ ਪਾਇ॥) ਇਹ ਗੱਲ ਗੁਰਬਾਣੀ ਵਿਚ ਕਹੀ ਗਈ ਹੈ "ਇੱਥੇ ਸੰਘਣਾਂ ਹਨੇਰਾ ਹੈ ਅਤੇ ਉਥੇ ਦਿਨ ਦਾ ਪ੍ਰਕਾਸ਼ ਹੈ", (ਓਥੈ ਦਿਹੁ ਐਥੇ ਸਭ ਰਾਤਿ॥) ਇਸ ਵਿਚ ਜੀਵਨ ਅਤੇ ਮੌਤ ਦੇ ਅਰਥ ਛਿਪੇ ਹੋਏ ਹਨ।

(2)

ਇਸ ਪਰਚੇ ਵਿਚ ਤੀਜੇ ਗੁਰੂ ਨਾਨਕ, ਗੁਰੂ ਅਮਰਦਾਸ ਜੀ ਬਾਰੇ ਹੇਠ ਲਿਖੇ ਨੁਕਤੇ ਅਤੇ ਪੱਖ ਵਿਚਾਰੇ ਜਾਣੇ ਹਨ:

1. ਗੁਰੂ ਅਮਰਦਾਸ ਜੀ ਦੀ ਸੰਖੇਪ ਜੀਵਨੀ
2. ਸਿੱਖ-ਸਿੱਧਾਂਤ—ਸ਼ਾਸਤ੍ਰ ਵਿਚ ਸਿੱਖ ਗੁਰੂ ਸਾਹਿਬਾਨ ਦਾ ਰੁਤਬਾ ਅਤੇ ਸੰਸਾਰ ਦੇ ਧਰਮਾਂ ਦਾ ਸਹੀ ਸਥਾਨ
3. ਗੁਰੂ ਅਮਰਦਾਸ ਜੀ ਦੁਆਰਾ ਧਾਰਮਿਕ ਸੋਚ ਅਤੇ ਧਰਮ ਉਪਦੇਸ਼ ਨਾਲ ਸੰਬੰਧਿਤ ਖਿਆਲਾਂ ਵਿਚ ਵਿਲੱਖਣ ਯੋਗਦਾਨ ਜਿਵੇਂ:

ੳ. ਪਰਮ-ਸੱਚ ਦੀ ਹਿੰਦੂ ਧਾਰਣਾ 'ਸਤ-ਚਿਤ-ਆਨੰਦ' ਦੇ ਵਿਸ਼ੇਸ਼ ਅੰਗ 'ਆਨੰਦ' ਦੀ ਵਿਆਖਿਆ

ਅ. ਲੰਗਰ ਦੇ ਸਮਾਜਿਕ ਉਦੇਸ਼ਾ ਦੀ ਨਵੀਂ ਮਨੋ-ਸ਼ਰੀਰਕ ਸੋਝੀ

ੲ. ਹਿੰਦੂ ਆਦਰਸ਼ ਦੀ ਇਸਤ੍ਰੀ 'ਸਤੀ' ਭਾਵ 'ਸ਼ੁਭ ਗੁਣਾਂ ਵਾਲੀ ਪਤਨੀ' ਦੀ ਡੂੰਘੀ ਵਿਆਖਿਆ

ਸ. ਇਸਤ੍ਰੀ ਦੀ ਸਮਰੱਥਾ ਤੇ ਯੋਗਤਾ ਨੂੰ ਧਾਰਮਿਕ ਅਨੁਭਵ ਅਤੇ ਧਾਰਮਿਕ ਕ੍ਰਿਆਵਾਂ ਅਤੇ ਰੀਤਾਂ ਦੇ ਯੋਗ ਮੰਨਣਾਂ; ਇਸਤ੍ਰੀ ਨੂੰ ਧਰਮ ਪ੍ਰਚਾਰ ਦਾ ਅਧਿਕਾਰ ਦੇਣਾ ਅਤੇ ਧਾਰਮਿਕ ਸੰਸਥਾ ਦੇ ਕੰਮ-ਕਾਜ ਅਤੇ ਉਪਦੇਸ਼ ਦੇ ਪ੍ਰਬੰਧ ਦੇ ਅਧਿਕਾਰ ਨੂੰ ਸਵੀਕਾਰਨਾਂ

4. ਅਖੀਰ ਵਿਚ ਗੁਰੂ ਅਮਰਦਾਸ ਜੀ ਦੇ 'ਬਾਣੀ' ਅਤੇ 'ਸਾਹਿਤ' ਬਾਰੇ ਵੀਚਾਰਾਂ ਅਤੇ ਉਨ੍ਹਾਂ ਦੀ ਸਾਹਿਤ ਰਚਨਾਂ ਵਿਚ ਵਿਸ਼ੇਸ਼ ਮੁਹਾਰਤ ਬਾਰੇ ਚਰਚਾ ਹੋਵੇਗੀ।

(3)

ਗੁਰੂ ਅਮਰਦਾਸ ਜੀ 5 ਮਈ, 1479 ਈ: ਨੂੰ ਜਨਮੇ।ਆਮ ਮਨੁੱਖ ਦੇ ਤੌਰ ਤੇ ਉਹ ਖੇਤੀਬਾੜੀ ਅਤੇ ਛੋਟਾ-ਮੋਟਾ ਵਪਾਰ ਵੀ ਕਰਦੇ ਸਨ।ਉਨ੍ਹਾਂ ਦਾ ਵਿਆਹ 24 ਸਾਲ ਦੀ ਉਮਰ ਵਿਚ ਹੋਇਆ ਅਤੇ ਉਨ੍ਹਾਂ ਦੇ ਦੋ ਲੜਕੇ ਅਤੇ ਦੋ ਲੜਕੀਆਂ ਸਨ।ਆਪ ਜੀ ਪੱਕੇ ਵੈਸ਼ਨਵ ਹਿੰਦੂ ਸਨ ਅਤੇ ਉਹ ਬੜਾ ਸੰਜਮੀ ਜੀਵਨ ਜੀਉਂਦੇ ਸਨ ਅਤੇ ਉਹ ਸਾਰੇ ਕਰਤੱਵ ਨੇਮ ਨਾਲ ਪੂਰੇ ਕਰਦੇ ਸਨ ਜੋ ਕਿਸੇ ਚੰਗੇ ਹਿੰਦੂ ਲਈ ਜ਼ਰੂਰੀ ਮੰਨੇ ਜਾਂਦੇ ਹਨ।ਆਪ ਜੀ ਆਪਣੇ ਜੀਵਨ ਦੇ ਅੰਤਮ ਪੜਾ ਸਮੇਂ ਹੀ ਦੂਜੇ ਗੁਰੂ ਨਾਨਕ, ਗੁਰੂ ਅੰਗਦ ਸਾਹਿਬ ਜੀ ਦੇ ਸੰਪਰਕ ਵਿਚ ਆਏ, ਅਤੇ 1552 ਈ: ਨੂੰ ਉਹ ਤੀਜੇ ਨਾਨਕ, ਗੁਰੂ ਅਮਰਦਾਸ ਜੀ ਹੋ ਗਏ।ਗੁਰੂ ਅਮਰਦਾਸ ਜੀ ਨੇ ਆਪਣੇ ਜੀਵਨ ਦੇ ਬਾਕੀ ਬਚੇ ਬਾਈ ਵਰ੍ਹੇ, ਸਿੱਖ ਧਰਮ ਦਾ ਪ੍ਰਚਾਰ ਤੇ ਸਿੱਖ ਸੰਗਠਨ ਨੂੰ ਮਜ਼ਬੂਤ ਕਰਨ ਲਈ ਪੂਰੀ ਚੜਦੀ ਕਲਾ ਅਤੇ ਉਤਸ਼ਾਹ ਨਾਲ ਸਖਤ ਮਿਹਨਤ ਕੀਤੀ ਅਤੇ ਅੰਮ੍ਰਿਤਸਰ ਤੋਂ ਥੋੜੀ ਦੂਰ ਸਥਿੱਤ ਇਕ ਅਣਗੌਲਿਆ ਪਿੰਡ ਗੋਇੰਦਵਾਲ ਉਨਤ ਹੋ ਗਿਆ ਅਤੇ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ 'ਇਹ ਰੱਬ ਦਾ ਘਰ' ਹੋ ਗਿਆ; (ਗੋਬਿੰਦ ਵਾਲੁ ਗੋਬਿੰਦ ਪੁਰੀ ਸਮ...॥)ਸਿੱਖ ਜਗਤ ਵਿਚ ਇਹ ਪਿੰਡ 'ਸਿੱਖੀ ਦਾ ਧੁਰਾ' ਵਜੋਂ ਜਾਣਿਆਂ ਜਾਂਦਾ ਹੈ, ਭਾਵ ਹੈ ਕਿ ਗੋਇੰਦਵਾਲ ਉਹ ਧੁਰਾ ਹੈ ਜਿਸ ਦੁਆਲੇ ਸਿੱਖੀ ਘੁੰਮਦੀ ਹੈ ਅਤੇ ਅੱਗੇ ਵਧਦੀ ਜਾਂਦੀ ਹੈ।ਇਥੇ ਦੂਰੋਂ ਨੇੜਿਉਂ ਸਿੱਖ ਇਕੱਠੇ ਹੁੰਦੇ, ਸ਼ਹਿਜ਼ਾਦੀਆਂ, ਮੁਸਲਮਾਨ ਅਤੇ ਹਿੰਦੂ, ਅਕਬਰ ਬਾਦਸ਼ਾਹ ਅਤੇ ਕਾਂਗੜੇ ਦਾ ਰਾਜਾ ਗੁਰੂ ਜੀ ਨੂੰ ਸ਼ਰਧਾ ਅਰਪਣ ਕਰਨ ਆਏ ਸਨ।

ਗੋਇੰਦਵਾਲ ਵਿਖੇ ਗੁਰੂ ਅਮਰਦਾਸ ਜੀ ਨੇ ਲੰਗਰ ਦੀ ਸੰਸਥਾ ਨੂੰ ਮਜ਼ਬੂਤ ਕੀਤਾ ਜਿਥੇ ਯਾਤਰੂਆਂ ਨੂੰ ਭੇਟਾ ਰਹਿਤ ਭੋਜਨ ਦਿੱਤਾ ਜਾਂਦਾ ਸੀ ਅਤੇ ਗੁਰੂ ਜੀ ਦਾ ਹੁਕਮ ਸੀ ਕਿ "ਪਹਿਲਾਂ ਪੰਗਤ ਪਾਛੇ ਸੰਗਤ" ਭਾਵ ਕਿ ਉਨ੍ਹਾਂ ਦੇ ਦਰਸ਼ਨ ਕਰਨ ਤੋਂ ਪਹਿਲਾਂ ਹਰ ਕੋਈ ਲੰਗਰ ਵਿਚ ਪ੍ਰਸ਼ਾਦਾ ਛਕ ਕੇ ਆਏ, ਅਤੇ ਬਾਦਸ਼ਾਹ, ਸ਼ਹਿਜ਼ਾਦੇ, ਅਮੀਰ ਤੇ ਗਰੀਬ, ਉਚੀਆਂ, ਨੀਵੀਆਂ ਜਾਤਾਂ ਦੇ ਸਭ ਵਿਅਕਤੀਆਂ ਨੇ ਇਹ ਸ਼ਰਤ ਪ੍ਰਵਾਨ ਕੀਤੀ।

ਇਥੇ ਗੁਰੂ ਜੀ ਨੇ ਇਕ ਬਹੁਤ ਹੀ ਸ਼ਾਨਦਾਰ, ਗੁੰਬਦ ਵਾਲੀ, ਪੱਕੀ ਅਤੇ ਉਪਰੋਂ ਢੱਕੀ ਬਉਲੀ ਬਣਵਾਈ, ਜੋ ਚਾਰ ਸਦੀਆਂ ਬੀਤ ਜਾਣ ਪਿੱਛੋਂ ਵੀ ਚੱਟਾਨ ਵਾਂਗ ਮਜ਼ਬੂਤ ਨਜ਼ਰ ਆ ਰਹੀ ਹੈ।ਇਸ ਬਉਲੀ ਦੀ ਤੁਲਨਾ ਵਿਚ ਅਜੋਕੀ 'ਪੰਜ ਸਾਲਾ ਯੋਜਨਾਂ' ਤਹਿਤ ਨਿਪੁੰਨ ਇੰਜੀਨੀਅਰਾਂ ਦੁਆਰਾ ਸਿਰਜੇ ਪ੍ਰਾਜੈਕਟਾਂ ਦੀ ਪਾਇਦਾਰੀ ਅਤੇ ਉਪਯੋਗਤਾ ਬੜੀ ਮਾਮੂਲੀ ਲੱਗਦੀ ਹੈ।ਇਸ ਸਥਾਨ ਨੂੰ ਕਰਮ-ਕਾਂਡੀ ਇਸ਼ਨਾਨ ਕਰਨ ਵਾਲੇ ਲੋਕਾਂ ਵੱਲੋਂ ਪਵਿੱਤ੍ਰ ਤੀਰਥ ਸਥਾਨ ਵਜੋਂ ਸਤਿਕਾਰ ਦਿੱਤਾ ਜਾਂਦਾ ਹੈ।

ਇਥੇ ਹੀ ਗੁਰੂ ਜੀ ਨੇ ਸਿੱਖ ਪੰਥ ਨੂੰ ਠੋਸ ਸੰਗਠਨਾਤਮਿਕ ਆਧਾਰ ਦੇਣ ਲਈ, ਇਸ ਨਾਲ ਰਾਜ ਦੀ ਬਰਾਬਰੀ ਦੇ ਤੌਰ ਤੇ ਨਹੀਂ ਬਲਕਿ ਸੁਆਰਥੀ ਦਮਨਕਾਰੀ ਨਿਸ਼ਾਨਿਆਂ ਵਾਲੇ ਰਾਜ ਦੀ ਨੈਤਿਕ ਸ਼ਰਤਾਂ ਅਤੇ ਅਧਿਆਤਮਿਕ ਲੋੜਾਂ ਦੀ ਪੁਸ਼ਟੀ ਅਤੇ ਐਲਾਨ, ਇਸਦੇ ਜ਼ਰੂਰੀ ਲੱਛਣ ਵਜੋਂ ਕੀਤਾ।ਉਨ੍ਹਾਂ ਨੇ ਉਸ ਵੇਲੇ ਦੇ ਮੁਗਲ ਸਾਮਰਾਜ ਵੱਲੋਂ ਆਪਣੇ ਅਧਿਕਾਰ ਖੇਤ੍ਰ ਦੀ 22 ਸੂਬਿਆਂ ਵਿਚ ਕੀਤੀ ਵੰਡ ਦੀ ਤਰਜ਼ ਉਪਰ ਧਰਮ ਪ੍ਰਚਾਰ ਦੇ ਉਦੇਸ਼ ਲਈ 22 ਮੰਜੀਆਂ ਸਥਾਪਿਤ ਕੀਤੀਆਂ ਅਤੇ ਇਨ੍ਹਾਂ ਮੰਜੀਆਂ ਦੇ ਮੁੱਖੀਆਂ ਵਿਚ ਬੀਬੀਆਂ ਨੂੰ ਵੀ ਧਰਮ ਪ੍ਰਚਾਰ ਅਤੇ ਪ੍ਰਬੰਧ ਲਈ ਅਧਿਕਾਰ ਦੇ ਕੇ ਨਿਯੁਕਤ ਕੀਤਾ।

ਗੋਇੰਦਵਾਲ ਵਿਖੇ ਹੀ ਅਕਾਲਪੁਰਖ ਨੇ ਆਪਣੀ ਮਰਜ਼ੀ ਅਤੇ ਨਾਲ ਗੁਰੂ-ਸ਼ਬਦ ਦੁਆਰਾ ਮਨੁੱਖ ਨਾਲ ਸੰਪਰਕ ਬਣਾਇਆ ਸੀ; "ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ"॥ 'ਧੁਰ ਕੀ ਬਾਣੀ' ਅਤੇ 'ਸਾਹਿਤ' ਵਿਚ ਬੁਨਿਆਦੀ ਫਰਕ ਇਹ ਹੋਇਆ ਕਿ ਧੁਰ ਕੀ ਬਾਣੀ ਮਨੁੱਖ ਨੂੰ ਪਰਮ-ਸੱਚ ਦੇ ਸਰੋਕਾਰ ਬਾਰੇ ਸਹੀ ਅਗਵਾਈ ਦੇਣ ਲਈ ਪ੍ਰਮਾਣਿਕ ਹੈ।

ਇਸੇ ਹੀ ਸਥਾਨ ਉਪਰ ਗੁਰ-ਸ਼ਬਦ ਨੇ ਸਿੱਖ ਸ਼ਖਸੀਅਤ ਨੂੰ ਹੁਣ ਤੀਕ ਪ੍ਰਵਾਣਿਤ ਜੈਨ ਅਤੇ ਬੁੱਧ ਮੱਤਾਂ ਵਾਲੇ ਰਹੱਸਵਾਦ ਤੋਂ ਨਿਖੇੜ ਕੇ, ਇਸਦਾ ਨਿਸ਼ਾਨਾਂ ਆਪਣਾ ਆਪ ਗੰਵਾ ਕੇ ਰੱਬੀ ਹੁਕਮ ਵਿਚ ਰਹਿ ਕੇ ਦੇਵੀ-ਪ੍ਰੇਮ ਦਾ ਸ੍ਰੋਤ ਬਣਨਾ

ਦੱਸਿਆ ਗਿਆ, ਜਦੋਂ ਕਿ ਜੈਨ ਤੇ ਬੁੱਧ ਮੱਤ ਪੂਰਣ ਰੂਪ ਵਿਚ ਆਪਣੀ ਸ਼ਖਸੀਅਤ ਦਾ ਵਿਨਾਸ਼ ਕਰਨ ਨੂੰ, ਜਿਸਨੂੰ ਉਹ 'ਨਿਰਵਾਣ ਮੁਕਤੀ' ਕਹਿੰਦੇ ਸਨ, ਹੀ ਆਪਣਾ ਨਿਸ਼ਾਨਾਂ ਮੰਨਦੇ ਸਨ।

ਇਸੇ ਸਥਾਨ ਉਪਰ ਗੁਰੂ ਜੀ ਨੇ ਜਨਮ, ਮਰਨ ਅਤੇ ਵਿਆਹ ਦੀਆਂ ਸਮਾਜਿਕ ਰਸਮਾਂ ਅਤੇ ਕਰਮਕਾਂਡਾਂ ਨੂੰ ਗਹਿਰੇ ਰੂਹਾਨੀ ਅਰਥ ਦਿੱਤੇ ਅਤੇ ਜੱਦੀ ਪੁਰਸ਼ੀ ਬ੍ਰਾਹਮਣ-ਪੁਜਾਰੀਵਾਦ ਦੀ ਫਾਹੀ ਅਤੇ ਪੰਜੇ ਤੋਂ ਮੁਕਤ ਕੀਤਾ, ਲੋਕਾਂ ਨੂੰ ਮਨੁੱਖੀ ਚੇਤਨਾਂ ਲਈ ਸਿੱਖ ਅਧਿਆਤਮਿਕ ਅਨੁਸ਼ਾਸ਼ਨ ਦੁਆਰਾ ਇਕੱਠਾ ਕੀਤਾ।

ਇਥੋਂ ਹੀ ਗੁਰੂ ਅਮਰਦਾਸ ਜੀ ਨੇ ਧਾਰਮਿਕ ਲੋਕਾਂ ਵੱਲੋਂ ਸੰਨਿਆਸ ਲੈਣ ਅਤੇ ਜਗਤ ਨੂੰ ਤਿਆਗਣ ਵਿਰੁੱਧ ਸਖਤ ਹੁਕਮਨਾਮਾਂ ਜ਼ਾਰੀ ਕੀਤਾ ਅਤੇ ਇਉਂ ਕ੍ਰਿਆਸ਼ੀਲ ਅਤੇ ਸੰਸਾਰ-ਪ੍ਰਵਾਨਗੀ ਨੂੰ ਸਿੱਖ ਮੱਤ ਵਿਚ ਕੇਂਦਰੀ ਸਥਾਨ ਮਿਲ ਗਿਆ।

ਗੋਇੰਦਵਾਲ ਵਿਖੇ ਹੀ ਪਹਿਲੀ ਸਤੰਬਰ, 1574 ਈ: ਨੂੰ ਆਪਣਾ ਉਤਰਾਧਿਕਾਰੀ ਚੁਣ ਕੇ ਨਿਯੁਕਤ ਕਰਨ ਉਪਰੰਤ ਇਹ ਚਿਤਾਵਨੀ ਦੇ ਕੇ ਕਿ "ਮੌਤ ਉਪਰੰਤ ਦੁੱਖ ਅਤੇ ਗਮ ਨਹੀਂ ਕਰਨਾਂ" (ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲ ਨ ਭਾਇਆ॥), ਸਗੋਂ ਇਸਨੂੰ ਮਨੁੱਖੀ ਆਤਮਾਂ ਦੇ ਨਿਰੰਤ੍ਰ ਵਿਕਾਸ ਦਾ ਇਕ ਪੜਾ ਸਮਝਣਾ ਹੈ, ਜੋਤੀ ਜੋਤ ਸਮਾ ਗਏ।

(4)

ਸਿੱਖ ਮੱਤ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਸਦੇ ਇਕ ਵਿਸ਼ੇਸ਼ ਸਿਧਾਂਤ ਦੇ ਵਿਗਿਆਨਕ ਸੱਚ ਨੂੰ ਸਮਝਣਾ ਅਤੇ ਪ੍ਰਵਾਨ ਕਰਨਾਂ ਬੜਾ ਜ਼ਰੂਰੀ ਹੈ।ਕਿਸੇ ਧਰਮ ਨੂੰ ਸਮਝਣ ਅਤੇ ਜਾਚਣ ਦੀਆਂ ਦੋ ਪਹੁੰਚਾਂ ਹਨ—ਪਹਿਲੀ ਇਹ ਕਿ ਉਸਦੀ ਯੋਗਤਾ ਅਤੇ ਸੱਚਾਈ ਵੇਖੀ ਜਾਏ, ਦੂਜੀ ਹੈ ਕਿ ਉਸਦੀ ਅਯੋਗਤਾ ਅਤੇ ਧੱਕੇਸ਼ਾਹੀ ਵਾਲੇ ਵਤੀਰੇ ਨੂੰ ਵੇਖਿਆ ਜਾਏ।ਕਿਸੇ ਧਰਮ ਦੀ ਯੋਗਤਾ ਵੇਖਣ ਲਈ ਸਾਨੂੰ ਉਸ ਧਰਮ ਦੇ ਬੁਨਿਆਦੀ ਸਿਧਾਂਤਾਂ ਅਤੇ ਮੂਲ ਧਾਰਨਾਵਾਂ ਦੀ ਉਚੀ ਵਿਆਖਿਆ ਪ੍ਰਵਾਨ ਕਰਨੀ ਚਾਹੀਦੀ ਹੈ, ਜੋ ਆਪ ਉਹ ਪੇਸ਼ ਕਰਦਾ ਹੈ; ਅਤੇ ਧੱਕੇਸ਼ਾਹੀ ਵਾਲੇ ਵਤੀਰੇ ਵਿਚ ਉਸ ਧਰਮ ਦੇ ਨਿਯਮਾਂ ਅਤੇ ਧਾਰਨਾਵਾਂ ਦੀ ਪੜਤਾਲ ਅਤੇ ਮੁਲਾਂਕਣ ਵਿਰੋਧੀ-ਵਿਆਖਿਆ ਦੁਆਰਾ ਹੁੰਦੀ ਹੈ।ਇਹ ਦੂਜੀ ਪਹੁੰਚ ਕਿਸੇ ਧਰਮ ਨੂੰ ਠੀਕ ਤਰ੍ਹਾਂ ਸਮਝਣ ਦੀ ਥਾਂ ਬਖੇੜੇ ਅਤੇ ਝਗੜੇ ਵਧਾਉਂਦੀ ਹੈ।ਵਿਰੋਧੀ-ਵਿਆਖਿਆ ਬਾਰੇ ਰਾਬਿੰਦਰ ਨਾਥ ਟੈਗੋਰ **ਗੀਤਾਂਜਲੀ** ਵਿਚ ਇਕ ਕਾਵਿ-ਅਲੰਕਾਰ ਦੁਆਰਾ ਦੱਸਦਾ ਹੈ "ਜਿਵੇਂ ਕੋਈ ਸੁਨਿਆਰਾ ਕਿਸੇ ਬਗੀਚੇ ਵਿਚ ਜਾਕੇ ਗੁਲਾਬ ਦੇ ਫੁੱਲ ਦੀ ਪਰਖ, ਕਸਵੱਟੀ ਲਾਕੇ ਕਰੇ"।ਸਿੱਖ ਮੱਤ ਵਿਚ ਕਿਸੇ ਧਰਮ ਦੀ ਉਹੀ ਵਿਆਖਿਆ ਪ੍ਰਵਾਨ ਕੀਤੀ ਜਾਂਦੀ ਹੈ, ਜੋ ਉਸੇ ਧਰਮ ਰਾਹੀਂ ਦੱਸੀ ਗਈ ਹੋਵੇ।ਕਿਸੇ ਧਰਮ ਨੂੰ ਸਮਝਣ ਲਈ ਹਮਦਰਦੀ ਵਾਲਾ ਵਤੀਰਾ ਅਪਨਾਉਣਾ ਚੰਗੀ ਗੱਲ ਹੈ ਜਦੋਂ ਕਿ ਕੁੜੱਤਣ ਅਤੇ ਦੋਸ਼ ਲੱਭਣ ਦਾ ਵਤੀਰਾ ਨਿਰਾਸ਼ਾਜਨਕ ਅਤੇ ਸਵੈਵਿਰੋਧੀ ਹੀ ਹੁੰਦਾ ਹੈ।ਸਿੱਖ ਰਹਿਤਨਾਮੇ ਵੀ ਸਖਤੀ ਨਾਲ ਸਾਨੂੰ ਦੂਜੇ ਮੱਤਾਂ ਦੀ ਆਲੋਚਨਾਂ ਕਰਨ ਤੋਂ ਵਰਜਦੇ ਹਨ (ਜਗਤ ਮਾਹਿਂ ਪੰਥ ਹੈ ਜੇਤੇ।ਕਬਹੀ ਨਿੰਦਹਿ ਨਾਹੀਂ ਤੇਤੇ।)

ਸਿੱਖ ਮੱਤ ਦਾ ਬੁਨਿਆਦੀ ਵਿਸ਼ਵਾਸ਼ ਅਤੇ ਗਿਆਨ ਇਹ ਹੈ ਕਿ ਇਤਿਹਾਸਕ ਦਸ ਨਾਨਕਾਂ ਵਿਚ ਨਿਰੰਤ੍ਰ ਇਕ ਜੋਤ ਬਿਰਾਜਮਾਨ ਹੋਣ ਕਾਰਨ ਉਹ ਇਕ ਦੂਜੇ ਤੋਂ ਭਿੰਨ ਨਹੀਂ।ਇਹ ਵਿਸ਼ਵਾਸ਼ ਸਿੱਖ ਮੱਤ ਦਾ ਆਰੰਭਕ ਬਿੰਦੂ ਹੈ ਅਤੇ ਸਿੱਖ ਧਰਮ ਨੂੰ ਸਮਝਣ ਤੇ ਅਪਨਾਉਣ ਲਈ ਬੁਨਿਆਦੀ ਚੀਜ਼ ਹੈ।ਮੁਕਤੀ ਪ੍ਰਾਪਤੀ ਲਈ ਹਰ ਧਰਮ ਵਿਚ ਕੁੱਝ ਵਿਸ਼ਵਾਸ਼ ਅਤੇ ਉਪਦੇਸ਼ ਦੱਸੇ ਜਾਂਦੇ ਹਨ, ਜਿੰਨ੍ਹਾਂ ਨੂੰ ਨਾਂ ਮੰਨਣ ਕਰਕੇ ਅਧਿਆਤਮਕ ਵਿਕਾਸ ਵਿਚ ਪੱਕੀ ਰੁਕਾਵਟ ਪੈ ਜਾਂਦੀ ਹੈ।ਇਸੇ ਲਈ ਦਸਵੇਂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿਸ਼ਵਾਸ਼, ਕਿ ਦਸ ਨਾਨਕ ਇਕ ਹੀ ਜੋਤ ਹਨ, ਨੂੰ ਮੰਨਣ ਅਤੇ ਸਮਝਣ ਦੀ ਹਦਾਇਤ ਫੁਰਮਾਈ ਅਤੇ ਇਹ ਵੀ ਫੁਰਮਾਇਆ ਕਿ ਬਿਨਾਂ ਇਹ ਗੱਲ ਮੰਨਣ ਦੇ ਅਧਿਆਤਮਿਕ ਪ੍ਰਾਪਤੀ ਨਹੀਂ ਹੋ ਸਕਦੀ।(ਬਿਨ ਸਮਝੇ ਸਿਧ ਹਾਥਿ ਨ ਆਈ॥ ਬ.ਨਾ.)

ਭਾਈ ਗੁਰਦਾਸ ਜੀ (1551-1639ਈ:) ਸਿੱਖੀ ਦੇ ਵਿਵਾਦ-ਰਹਿਤ ਵਿਆਖਿਆਕਾਰ ਵਜੋਂ ਪ੍ਰਸਿੱਧ ਹਨ, ਉਹ ਸਪਸ਼ਟ ਕਰਦੇ ਹਨ ਕਿ ਹਰੇਕ ਇਤਿਹਾਸਕ ਗੁਰੂ ਕੇਵਲ ਸ਼ਰੀਰਕ ਪੱਖ ਤੋਂ ਹੀ ਨਵਾਂ ਜਾਂ ਭਿੰਨ ਹੁੰਦਾ ਸੀ, ਜਦੋਂ ਕਿ ਉਸ ਵਿਚ ਜੋਤ ਉਹੀ ਰਹਿੰਦੀ ਸੀ (ਅਰਜਨ ਕਾਇਆ ਪਲਟਿਕੈ ਮੂਰਤਿ ਹਰਗੋਬਿੰਦ ਸਵਾਰੀ॥ ਵਾ.ਭਾ.ਗੁ.)

ਮੋਹਸਿਨ ਫਾਨੀ ਜੋ ਕਿ ਇਕ ਪਾਰਸੀ ਸੀ ਅਤੇ ਛੇਵੇਂ ਨਾਨਕ (1595-1649ਈ:) ਦਾ ਸਮਕਾਲੀ ਸੀ, ਨੇ ਸਿੱਖਾਂ ਦੇ ਇਸ

ਬੁਨਿਆਦੀ ਸਿਧਾਂਤ ਦਾ ਵਰਨਣ ਆਪਣੀ ਪੁਸਤਕ **ਦਾਬਿਸਤਾਨ-ਇ-ਮਜ਼ਾਹਿਬ** (1645ਈ:) ਵਿਚ ਕੀਤਾ ਹੈ।ਗੁਰੂ ਗ੍ਰੰਥ ਸਾਹਿਬ ਵਿਚ ਵੀ ਕਈ ਵੇਰ ਇਸ ਵਿਸ਼ਵਾਸ਼ ਨੂੰ ਦੁਹਰਾਇਆ ਹੈ।(ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥ਗੁ.ਗ੍ਰੰ.ਸਾ.)

(5)

ਸਿੱਖ ਮੱਤ ਬਾਰੇ ਵਿਗਿਆਨਕ ਤੱਥ ਇਹ ਹੈ ਕਿ ਇਸ ਵਿਚ ਦੂਜੇ ਧਰਮਾਂ ਦੇ ਸਿੱਧਾਂਤਾਂ ਨੂੰ ਇਕੱਠਿਆਂ ਨਹੀਂ ਕੀਤਾ, ਨਾਂ ਹੀ ਇਹ ਹਿੰਦੂ ਮੱਤ ਜਾਂ ਇਸਲਾਮ ਦਾ ਕੋਈ ਫਿਰਕਾ ਹੈ; ਜਿਵੇਂ ਕਦੇ ਕਦੇ ਕਈ ਵਿਦਵਾਨ ਦਾਅਵਾ ਕਰਿਆ ਕਰਦੇ ਹਨ।ਇਹ ਇਕ ਸੁਤੰਤਰ ਅਤੇ ਸੰਪੂਰਣ ਧਰਮ ਹੈ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ, ਸਿੱਖਾਂ ਦਾ ਹੋਰ ਪਵਿੱਤ੍ਰ ਸਾਹਿਤ ਅਤੇ ਇਤਿਹਾਸਕ ਲਹਿਰ ਬਾਰ-ਬਾਰ ਆਪਣੇ ਇਲਹਾਮਾਂ ਅਤੇ ਐਲਾਨਾਂ ਦੁਆਰਾ ਇਸਦੀ ਪੁਸ਼ਟੀ ਕਰਦੇ ਹਨ।ਅੱਜ ਜਦੋਂ ਕਿ ਧਰਮ ਦਾ ਅਧਿਐਨ ਬਹੁਤ ਵਿਕਾਸ ਕਰ ਗਿਆ ਹੈ, ਧਰਮਾਂ ਦੇ ਵਿਦਵਾਨ ਸੰਸਾਰ ਦੇ ਧਰਮਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਦੇ ਹਨ—ਰਹੱਸਵਾਦੀ ਧਰਮ ਤੇ ਪੈਗੰਬਰੀ ਧਰਮ।ਰਹੱਸਵਾਦੀ ਧਰਮਾਂ ਦਾ ਆਧਾਰ ਮਨੁੱਖਾਂ ਦੇ ਨਿੱਜੀ ਅਨੁਭਵ ਹੁੰਦੇ ਹਨ; ਜਦੋਂ ਕਿ ਪੈਗੰਬਰੀ ਧਰਮ ਇਕ ਪੈਗੰਬਰ ਜਿਸਦਾ ਵਾਹਿਗੁਰੂ ਨਾਲ ਸਿੱਧਾ ਸੰਪਰਕ ਹੁੰਦਾ ਹੈ, ਦੁਆਰਾ ਸਥਾਪਿਤ ਹੁੰਦਾ ਹੈ।ਇਸ ਤਰ੍ਹਾਂ ਦੇ ਸਿੱਧੇ ਸੰਪਰਕ ਦੀ ਵਿਆਖਿਆ ਮਾਰਟਿਨ ਬੁਬਰ (1878-1965) ਨੇ ਇਕ ਮਾਹਰ ਵਜੋਂ ਕਰਦਿਆਂ ਲਿਖਿਆ ਸੀ—"ਰਹੱਸਵਾਦ ਵਿਚ ਜੋ ਕੁੱਝ ਵਾਪਰਦਾ ਹੈ ਉਹ ਮਹੱਤਵ ਰੱਖਦਾ ਹੈ।ਜਦੋਂ ਕਿ ਪੈਗੰਬਰੀ ਧਰਮਾਂ ਵਿਚ ਪੈਗੰਬਰ ਨੇ ਜੋ ਕੁੱਝ ਕਿਹਾ ਹੈ ਉਹੀ ਮਹੱਤਵ ਰੱਖਦਾ ਹੈ"।(Abrham J. Herschel, The Prophets, 1963) ਮੱਧ-ਪੂਰਵ ਵਿਚ ਪੈਦਾ ਹੋਏ ਯਹੂਦੀ, ਮਸੀਹੀ ਤੇ ਇਸਲਾਮ ਮੱਤ ਪੈਗੰਬਰੀ ਧਰਮ ਹਨ, ਜਦੋਂ ਕਿ ਭਾਰਤ ਵਿਚ ਪੈਦਾ ਹੋਏ ਹਿੰਦੂ, ਬੁੱਧ ਅਤੇ ਜੈਨ ਮੱਤ ਰਹੱਸਵਾਦੀ ਧਰਮ ਹਨ।ਸਿੱਖ ਧਰਮ ਭਾਰਤ ਵਿਚ ਪੈਦਾ ਹੋਇਆ ਇਕੋ ਇਕ ਪੈਗੰਬਰੀ ਧਰਮ ਹੈ, ਇਸ ਲਈ ਵਿਗਿਆਨਕ ਪੜਤਾਲ ਕਰਦਿਆਂ ਇਸ ਨੂੰ ਕਿਸੇ ਭਾਰਤੀ ਧਰਮ ਦੀ ਸ਼ਾਖਾ ਯਾ ਸਹਿਯੋਗੀ ਮੰਨਣ ਦਾ ਪ੍ਰਸ਼ਨ ਹੀ ਨਹੀਂ ਉਠਦਾ।ਗੁਰੂ ਗ੍ਰੰਥ ਸਾਹਿਬ ਵਿਚ ਇਸਦੀ ਕਈ ਥਾਵਾਂ ਉਪਰ ਪ੍ਰੋੜਤਾ ਹੁੰਦੀ ਹੈ।

(6)

ਪਰਮ-ਸੱਚ ਨਾਲ ਪਰਾ-ਇੰਦ੍ਰਿਆਵੀ ਸੰਬੰਧ ਦੇ ਅਰਥਾਂ ਵਿਚ ਰਹੱਸਵਾਦ ਸਾਰੇ ਧਰਮਾਂ ਦਾ ਸਾਰ ਹੈ।ਦੂਜੇ ਵਿਸ਼ਵ ਜੰਗ ਤੋਂ ਬਾਅਦ ਰਹੱਸਵਾਦੀ ਅਨੁਭਵ ਦੇ ਢੰਗਾਂ ਅਤੇ ਵਿਸ਼ਿਆਂ ਬਾਰੇ ਬਹੁਤ ਗੰਭੀਰ ਅਧਿਐਨ ਹੋਏ, ਯੂਰਪ ਵਿਚ ਹਾਲੇ ਵੀ ਇਸਦੀ ਰਾਜਨੀਤਕ ਸ਼ਕਤੀ ਅਤੇ ਤਕਨੀਕੀ ਸ਼ਕਤੀ ਦੀ ਉਤਮਤਾ ਨੇ ਪੂਰਬ ਦੇ ਮਾਨਸਿਕ ਅਨੁਭਵਾਂ ਉਪਰ ਗਲਬਾ ਪਾਇਆ ਹੋਇਆ ਹੈ।ਇਹ ਰੁਝਾਨ ਵਿਗਿਆਨਕ ਪੜਤਾਲ ਅਤੇ ਦਾਰਸ਼ਨਿਕ ਖਿਆਲ ਦੇ ਦੋ ਵੱਖਰੇ ਅਤੇ ਸੁਤੰਤ੍ਰ ਖੇਤ੍ਰਾਂ ਦੇ ਮਨੁੱਖੀ ਮਨ ਵਿਚ ਦਖਲ ਦੇਣ ਕਾਰਨ ਪੈਦਾ ਹੋਇਆ ਹੈ, ਅਤੇ ਹੁਣ ਇਹ ਮਨੁੱਖੀ ਮਨ ਇਕ ਬੰਦ-ਗਲੀ ਵਿਚ ਪਹੁੰਚ ਚੁੱਕਾ ਹੋਇਆ ਹੈ, ਜਿੱਥੋਂ ਅੱਗੇ ਮਨੁੱਖੀ ਬੁੱਧੀ ਦੀ ਯਾਤ੍ਰਾ ਸੰਭਵ ਨਹੀਂ ਦਿਸਦੀ।ਵਿਗਿਆਨਾਂ ਵੱਲੋਂ ਇਕ ਸੁਤੰਤ੍ਰ ਜੁੱਟ ਵਜੋਂ ਧਰਮ ਸ਼ਾਸ਼ਤ੍ਰ ਤੋਂ ਮੁਕਤ ਹੋਕੇ ਪ੍ਰਯੋਗਾਤਮਕ ਅਨੁਭਵ ਅਤੇ ਖੋਜ ਨੇ 18ਵੀਂ ਸਦੀ ਵਿਚ ਤਰਕਮਈ ਵਿਗਿਆਨਕ ਸੰਕਲਪਾਂ ਵਾਲਾ ਆਧਾਰ ਜਗਤ ਨੂੰ ਦਿੱਤਾ।ਅਗਾਂਹਵਧੂ ਬੁੱਧੀਜੀਵਾਂ ਨੇ ਇਸ ਨੂੰ 'ਪਹਿਲਾ ਪ੍ਰਕਾਸ਼' ਦਾ ਨਾਂ ਦਿੱਤਾ।ਹੁਣ ਵੀਹਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ ਤੋਂ ਪ੍ਰਮੁੱਖ ਵਿਗਿਆਨੀਆਂ ਜਿਵੇਂ ਅਲਬਰਟ ਆਇਨਸਟਾਈਨ, ਮਾਕਸ ਬੋਰਨ, ਮਾਕਸ ਪਲਾਂਕ ਅਤੇ ਨੇਲਸ ਬੋਹਰ ਨੇ ਮਨੁੱਖੀ ਜੀਵਨ, ਬ੍ਰਹਿਮੰਡ ਅਤੇ ਮਨੁੱਖ ਦੇ ਸੰਕਲਪਾਂ ਦੀ ਧਾਰਮਿਕ ਪਿੱਠ-ਭੂਮੀ ਮੰਨੀਂ ਹੈ ਅਤੇ ਇਸਦਾ ਐਲਾਨ ਕੀਤਾ ਹੈ।ਅਲਬਰਟ ਆਇਨਸਟਾਈਨ ਕਹਿੰਦਾ ਹੈ ਕਿ "ਮੇਰੇ ਧਰਮ ਵਿਚ ਬੇਅੰਤ ਪ੍ਰਭੂ ਦੀ ਮਹਿਮਾਂ ਹੈ ਜਿਹੜਾ ਸਾਡੇ ਅਤੀ ਕਮਜ਼ੋਰ ਜਿਹੇ ਮਨ ਵਿਚ ਬਹੁਤ ਵੱਡੇ ਖਿਆਲ ਪ੍ਰਗਟ ਕਰਦਾ ਹੈ"।ਅਮਰੀਕਾ ਅਤੇ ਰੂਸ ਦੇ ਪੁਲਾੜ-ਯਾਤ੍ਰਾ ਵਿਗਿਆਨ ਦੇ ਆਧੁਨਿਕ ਵਿਕਾਸ ਨੇ 1969 ਤੀਕ ਸੰਸਾਰ ਦੀ ਭੂ-ਕੇਂਦਰਤ ਧਾਰਣਾ, ਜਿਹੜੀ ਕਿ ਸਿੱਧੀ ਸਾਦੀ ਧਾਰਮਿਕ ਸੋਚ ਦਾ ਆਧਾਰ ਸੀ, ਨੂੰ ਖਤਮ ਕਰ ਦਿੱਤਾ ਹੈ।ਇੰਨ੍ਹਾਂ ਪੁਲਾੜੀ ਕਾਰਜਾਂ ਨੇ ਨਵੀਂਨ ਧਾਰਮਿਕ ਭਾਵਨਾਵਾਂ; ਜਗਤ, ਜੀਵਨ ਅਤੇ ਮਨੁੱਖ ਨੂੰ ਨਵੇਕਲੇ ਅਤੇ ਨਵੇਂ ਰਾਹ ਅਤੇ ਧਰਮ ਨੂੰ ਮਨੁੱਖੀ ਸਰੋਕਾਰ ਪ੍ਰਦਾਨ ਕੀਤੇ ਹਨ।ਇਸ ਗੱਲ

ਦੀ ਪੁਸ਼ਟੀ ਪਵਿਤ੍ਰ ਕੁਰਾਨ (51 : 57) ਤੋਂ ਹੁੰਦੀ ਹੈ ਜਿੱਥੇ ਸ੍ਰਿਸ਼ਟੀ ਰਚਨਾ ਦਾ ਅਸਲ ਉਦੇਸ਼ ਪ੍ਰਭੂ ਦੀ ਪੂਜਾ ਦੱਸਿਆ ਗਿਆ ਹੈ ਅਤੇ ਜਪੁਜੀ ਦੇ ਅੰਤਲੇ ਸ਼ਲੋਕ ਵਿਚ ਇਸੇ ਗੱਲ ਬਾਰੇ ਸਪੱਸ਼ਟ ਐਲਾਨ ਫੁਰਮਾਇਆ ਗਿਆ ਹੈ ਧਰਤੀ ਉਪਰ ਇਕ ਖੇਲ੍ਹ ਚੱਲ ਰਿਹਾ ਹੈ ਅਤੇ ਚੰਗਿਆਈ ਅਤੇ ਬੁਰਾਈ ਵਿਚ ਲੀਨ ਰਹਿਣਾ ਮਨੁੱਖ ਦਾ ਪ੍ਰਮੁੱਖ ਸਰੋਕਾਰ ਹੈ।ਦਰਸ਼ਨ ਸ਼ਾਸਤ੍ਰ ਵਿਚ ਇਕ ਅੰਗ੍ਰੇਜ ਦਾਰਸ਼ਨਿਕ ਨੇ ਸਭ ਤੋਂ ਪਹਿਲਾਂ ਮਨੁੱਖੀ ਤਰਕ ਦੇ ਸ਼ਾਸਤ੍ਰੀ ਸੰਦ ਨੂੰ ਨਿੰਦਿਆ ਸੀ।ਡੇਵਿਡ ਹਿਯੂਮ (1711-1776) ਨੇ ਆਪਣੀ ਰਚਨਾ 'ਟ੍ਰੀਟਾਈਸ ਆਫ ਹਿਊਮਨ ਨੇਚਰ' ਵਿਚ ਸਿੱਧ ਕੀਤਾ ਕਿ ਤਰਕ ਦਾ ਸੱਚ ਕੇਵਲ ਪਰਿਭਾਸ਼ਕ ਸੱਚ ਹੁੰਦਾ ਹੈ; ਜਿਵੇਂ ਗਣਿਤ ਵਿਚ ਹੁੰਦਾ ਹੈ, ਪ੍ਰੰਤੂ ਉਸ ਜਗਤ ਦੇ ਸੱਚ ਜਿਸ ਵਿਚ ਅਸੀਂ ਰਹਿ ਰਹੇ ਹਾਂ ਅਨੁਭਵ ਅਧਾਰਿਤ ਹੁੰਦੇ ਹਨ, ਬਜਾਇ ਤਰਕ ਦੇ ਇਸ ਗੱਲ ਨੇ ਦਾਰਸ਼ਨਿਕ ਖਿਆਲਾਂ ਨੂੰ ਦੋ ਦਿਸ਼ਾਵਾਂ ਪ੍ਰਦਾਨ ਕੀਤੀਆਂ, ਇਕ ਉਹ ਦਿਸ਼ਾ ਜਿਹੜੀ ਕਾਰਲ ਮਾਰਕਸ, ਫਰੈਡਰਿਚ, ਨਿਤਸ਼ੇ ਅਤੇ ਜਾਨ ਪਾਲ ਸਾਤਰੇ ਨੇ ਚਲਾਈ ਸੀ; ਇਸਦਾ ਕਹਿਣਾ ਸੀ ਕਿ ਉਹੀ ਗਿਆਨ ਮੁੱਲਵਾਨ ਹੈ ਜਿਹੜਾ ਸਿੱਧਾ ਮਨੁੱਖੀ ਅਨੁਭਵ ਵਿਚੋਂ ਪੈਦਾ ਹੁੰਦਾ ਸੀ, ਅਤੇ ਦੂਜੀ ਉਹ ਦਿਸ਼ਾ ਸੀ ਜਿਸਨੇ 'ਵਿਸ਼ਲੇਸ਼ਣਾਤਮਕ ਦਰਸ਼ਨ' ਨੂੰ ਜਨਮ ਦਿੱਤਾ ਜਿਸਨੇ ਦਲੀਲ ਅਤੇ ਗਣਿਤ ਵਿਚ ਤਰਕ ਦੇ ਮਹੱਤਵ ਨੂੰ ਸੀਮਤ ਕਰ ਦਿੱਤਾ ਅਤੇ ਇਉਂ ਦਰਸ਼ਨ ਦੇ ਸਰੋਕਾਰਾਂ ਨੂੰ ਭਾਸ਼ਾ ਦੇ ਅਰਥਾਂ, ਬਣਤਰ ਅਤੇ ਸ਼ੁੱਧ ਸਰੂਪ ਤੋਂ ਵੱਖ ਕਰ ਦਿੱਤਾ।ਇਸ ਵਿਸ਼ਲੇਸ਼ਣਾਤਮਕ ਦਰਸ਼ਨ ਦੇ ਜਨਮਦਾਤਾ ਗੋਟਲਾਬ ਰੈਗ, ਬਰਟੰਡ ਰੱਸਲ ਅਤੇ ਲੁਡਵਿਗ ਵਿਟਜੈਨਟੀਨ ਸਨ।ਕੈਮਬ੍ਰਿਜ ਵਿਚ ਪੜ੍ਹਦਿਆਂ ਇੰਨ੍ਹਾਂ ਵਿਚੋਂ ਲੁਡਵਿਗ ਵਿਟਜੈਨਟੀਨ ਮੇਰਾ ਅਧਿਆਪਕ ਸੀ, ਉਹ ਕਿਹਾ ਕਰਦਾ ਸੀ, "ਦਰਸ਼ਨ ਸ਼ਾਸਤ੍ਰ ਹੋਰਨਾਂ ਦਰਸ਼ਨ ਸ਼ਾਸਤ੍ਰਾਂ ਨੂੰ ਖਤਮ ਕਰਨ ਲਈ ਹੈ"।ਜਦੋਂ ਉਸ ਨੂੰ ਪੁੱਛਿਆ ਜਾਂਦਾ ਕਿ ਇਉਂ ਤਾਂ ਦਾਰਸ਼ਨਿਕ ਬੇਕਾਰ ਹੋ ਜਾਣਗੇ ਤਾਂ ਉਸਦਾ ਜੁਵਾਬ ਹੁੰਦਾ ਸੀ, "ਰਹੱਸਵਾਦੀ ਅਨੁਭਵ ਕਿਸ ਲਈ ਹੈ"? ਇਸ ਰਹੱਸਵਾਦੀ ਅਨੁਭਵ ਬਾਰੇ ਅਲਬਰਟ ਆਇਨਸਟਾਈਨ ਨੇ ਕਿਹਾ ਹੈ ਕਿ, "ਸਭ ਤੋਂ ਸੁੰਦਰ ਅਤੇ ਭਰਵਾਂ ਜਜ਼ਬਾ ਜਿਸਨੂੰ ਅਸੀਂ ਮਹਿਸੂਸ ਕਰ ਸਕਦੇ ਹਾਂ, ਉਹ ਰਹੱਸਵਾਦੀ ਅਨੁਭਵ ਹੈ, ਇਹ ਅਨੁਭਵ ਵਿਗਿਆਨ ਦਾ ਪਿਤਾਮਾ ਹੈ"।ਸਿਗਮੰਡ ਫਰਾਇਡ ਅਤੇ ਕਾਰਲ ਜੁੰਗ ਨੇ ਸੱਚ ਭਾਲਣ ਦੇ ਸਾਰੇ ਤਾਰਕਿਕ ਖਿਆਲਾਂ ਉਪਰ ਇਹ ਕਹਿਕੇ ਕਰਾਰੀ ਸੱਟ ਮਾਰੀ ਹੈ ਕਿ ਮਨੁੱਖੀ ਤਰਕ ਝੂਠ ਹੈ, ਇਹ ਮਨੁੱਖੀ ਲਾਲਸਾਵਾਂ ਦੀ ਖੁਸ਼ਾਮਦ ਕਰਨ ਵਾਲਾ ਸੰਦ ਹੈ ਅਤੇ ਵਧੇਰੇ ਭਰੋਸੇਯੋਗ ਨਹੀਂ। ਇਹੀ ਕਾਰਨ ਹੈ ਕਿ ਹੁਣੇ ਵੀਹਵੀਂ ਸਦੀ ਦੇ ਪਿਛਲੇ ਕੁੱਝ ਦਹਾਕਿਆਂ ਵਿਚ ਰਹੱਸਵਾਦ ਅਤੇ ਰਹੱਸਵਾਦੀ ਅਨੁਭਵ ਬਾਰੇ ਬੜੀ ਤੀਬਰਤਾ ਅਤੇ ਡੂੰਘੀ ਦਿਲਚਸਪੀ ਪੈਦਾ ਹੋ ਗਈ ਹੈ।ਪਰ ਵਿਗਿਆਨ ਅਤੇ ਦਰਸ਼ਨ ਦੇ ਰੁਝਾਨ ਕਾਰਣ ਅਜੋਕੀ ਨੌਜਵਾਨ ਪੀੜ੍ਹੀ ਹਿੱਪੀਆਂ ਵਾਂਗ ਗੁਮਰਾਹ ਹੋਕੇ ਨਸ਼ਿਆਂ ਵਿਚ ਫੱਸ ਚੁੱਕੀ ਹੈ।ਪੱਛਮ ਵਿਚ ਨਸ਼ਿਆਂ ਦੀਆਂ ਜੜ੍ਹਾਂ ਵਿਗਿਆਨਕ ਅਤੇ ਦਾਰਸ਼ਨਿਕ ਸ਼ਹਿ ਵਿਚ ਹਨ, ਅਤੇ ਨਵੇਂ ਅਨੁਭਵ ਪ੍ਰਾਪਤ ਕਰਨ ਅਤੇ ਆਪਣੀ ਚੇਤਨਾ ਨੂੰ ਵਿਕਸਤ ਕਰਨ ਦੀ ਉਮੰਗ ਅਤੇ ਤ੍ਰਿਸ਼ਨਾ ਵਿਚੋਂ ਪੈਦਾ ਹੋਈਆਂ ਹਨ।ਅਠ੍ਹਾਰਵੀਂ ਅਤੇ ਉਨ੍ਹੀਵੀਂ ਸਦੀ ਦੇ ਤਰਕਵਾਦੀ ਉਲਾਰ ਤੋਂ ਬਾਅਦ ਇਹ 'ਦੂਜਾ ਪ੍ਰਕਾਸ਼' ਹੈ ਜਿਸਨੇ ਮਨੁੱਖ ਨੂੰ ਰਹੱਸਵਾਦ ਵਿਚ ਦਿਲਚਸਪੀ ਲਈ ਪ੍ਰੇਰਿਆ ਹੈ ਅਤੇ ਉਸਨੂੰ ਧਰਮ ਵੱਲ ਪਰਤਣ ਦਾ ਇਸ਼ਾਰਾ ਕੀਤਾ ਹੈ।

(7)

ਪੁਰਾਤਨ ਸਮੇਂ ਦੇ ਰਹੱਸਵਾਦੀ ਅਨੁਭਵ ਬਾਰੇ ਗੰਭੀਰ ਅਧਿਐਨ ਕਰਨਾਂ ਹੋਵੇ ਤਾਂ ਸਭ ਤੋਂ ਵੱਧ ਸਮੱਗਰੀ ਹਿੰਦੂ ਗ੍ਰੰਥਾਂ ਜਿੰਨ੍ਹਾਂ ਨੂੰ 'ਉਪਨਿਸ਼ਦ' ਕਿਹਾ ਜਾਂਦਾ ਹੈ, ਵੇਦਾਂਤ ਅਤੇ ਬੋਧੀਆਂ ਦੇ ਮਹਾਯਾਨੀ ਗ੍ਰੰਥਾਂ ਤੋਂ ਇਲਾਵਾ ਦੂਰ ਪੂਰਬ ਵਿਚ ਮੱਧਕਾਲੀ ਅਤੇ ਆਧੁਨਿਕ ਮਸੀਹੀ ਰਹੱਸਵਾਦੀ ਅਤੇ ਇਸਲਾਮ ਦੇ ਸੂਫੀਆਂ ਦੀ ਪ੍ਰੰਪਰਾ ਤੋਂ ਪ੍ਰਾਪਤ ਹੁੰਦੀ ਹੈ।ਇਸ ਸਮੱਗਰੀ ਦਾ ਅਧਿਐਨ ਦੱਸਦਾ ਹੈ ਕਿ ਰਹੱਸਵਾਦੀ ਨਿਸ਼ਾਨੇ ਦੋ ਤਰ੍ਹਾਂ ਦੇ ਹੁੰਦੇ ਹਨ, ਜਿਹੜੇ ਇਕ ਦੂਜੇ ਤੋਂ ਵੱਖਰੇ ਹੁੰਦੇ ਹਨ—ਪਹਿਲਾ ਰਹੱਸਵਾਦੀ ਧਰਮਾਂ ਦਾ ਤੇ ਦੂਜਾ ਪੈਗੰਬਰੀ ਧਰਮਾਂ ਦਾ।ਰੇਨਾਲਡ ਨਿਕਲਸਨ ਇਸਲਾਮੀ ਰਹੱਸਵਾਦ ਦੀ ਪ੍ਰਕਿਰਤੀ ਅਤੇ ਨਿਸ਼ਾਨੇ ਬਾਰੇ ਦੱਸਦਾ ਹੈ ਤਾਂ ਸਪਸ਼ਟ ਕਰਦਾ ਹੈ "ਨਿਰਵਾਣ ਵਿਚ ਕੇਵਲ ਨਿੱਜਤਵ ਦਾ ਖਾਤਮਾਂ ਹੁੰਦਾ ਹੈ, ਜਦੋਂ ਕਿ 'ਫਨਾ' ਵਿਚ ਦ੍ਰਿਸ਼ਮਾਨ ਹੋਂਦ ਕਰਕੇ ਸੂਫੀ ਮਰਦਾ ਹੈ ਅਤੇ 'ਬਕਾ' ਦੀ ਅਵਸਥਾ ਪ੍ਰਾਪਤ ਕਰਕੇ ਆਪਣੀ ਅਸਲੀ ਹੋਂਦ ਅਤੇ ਸ਼ਖਸੀਅਤ ਦਾ ਸਿਲਸਿਲਾ ਜਾਰੀ ਰੱਖਦਾ ਹੈ।ਜਿਹੜਾ ਮਨੁੱਖ ਰੱਬ ਅਤੇ 'ਫਨਾ' ਦੀ ਖਾਤਰ ਮਰਦਾ ਹੈ, ਉਸੇ ਦੀ

ਸੰਪੂਰਨ ਮੌਤ ਹੁੰਦੀ ਹੈ, ਭਾਵ ਕਿ ਉਹ ਰੱਬ ਵਿਚ ਅਭੇਦ ਹੋ ਜਾਂਦਾ ਹੈ"।(The Mystics of Islam, 1921)
ਸਿੱਖ ਰਹੱਸਵਾਦ ਦਾ ਜਿਹੜਾ ਨਿਸ਼ਾਨਾਂ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਸਮ ਗ੍ਰੰਥ ਵਿਚ ਦੱਸਿਆ ਗਿਆ ਹੈ, ਇਹ ਯਕੀਨਨ ਸੂਫੀ ਰਹੱਸਵਾਦ ਦੇ 'ਬਕਾ' ਵਾਲਾ ਨਿਸ਼ਾਨਾ ਹੀ ਹੈ, ਨਾਂ ਕਿ ਨਿਰਵਾਣ ਅਤੇ ਮੁਕਤੀ ਰਾਹੀਂ ਬ੍ਰਹਮ ਵਿਚ ਆਪਣੇ ਆਪ ਨੂੰ ਮਿਲਾ ਦੇਣਾ ਹੈ, ਪ੍ਰੰਤੂ ਉਹ ਸ਼ਖਸੀਅਤ ਹੋ ਪ੍ਰਤੱਖ ਮੌਤ ਦੁਆਰਾ ਅਤੇ ਪ੍ਰਭੂ ਨਾਲ ਅਭੇਦਤਾ ਰਾਹੀਂ ਅਮਰ ਹੋਈ ਹੈ ਭਾਵ ਕਿ ਮੁਕਤ ਆਤਮਾਂ ਜਿਸਨੂੰ ਬ੍ਰਹਮਗਿਆਨੀ ਕਿਹਾ ਗਿਆ ਹੈ, ਉਹ ਪ੍ਰਭੂ ਦੀ ਮਰਜ਼ੀ ਦਾ ਵਾਹਕ ਬਣ ਜਾਂਦਾ ਹੈ।ਇਹੀ ਕਾਰਣ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਣ ਹੈ ਕਿ ਬ੍ਰਹਮਗਿਆਨੀ ਦੇ ਮਨ ਵਿਚ ਦੂਜਿਆਂ ਦੇ ਭਲੇ ਲਈ ਚਾਹ ਹੁੰਦੀ ਹੈ।(ਬ੍ਰਹਮਗਿਆਨੀ ਪਰਉਪਕਾਰ ਉਮਾਹਾ॥) ਦਸਮ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ ਕਿ ਜਦੋਂ ਉਹ ਵਾਹਿਗੁਰੂ ਨਾਲ ਇਕ ਮਿੱਕ ਹੋ ਗਏ (ਦ੍ਵੈ ਤੇ ਏਕ ਰੂਪ ਹ੍ਵੈ ਗਯੋ॥ਬ.ਨਾ) ਤਾਂ ਵਾਹਿਗੁਰੂ ਨੇ ਹੁਕਮ ਦੇਕੇ ਉਨ੍ਹਾਂ ਨੂੰ ਇਕ ਵਿਸ਼ੇਸ਼ ਉਦੇਸ਼ ਲਈ ਇਥੇ ਭੇਜਿਆ।ਉਹ ਉਦੇਸ਼ ਇਹ ਸੀ ਕਿ ਚੰਗਿਆਈ ਦਾ ਪ੍ਰਸਾਰ ਕਰਨਾਂ ਅਤੇ ਬੁਰਾਈ ਦਾ ਖਾਤਮਾਂ ਕਰਨਾਂ (ਧਰਮ ਚਲਾਵਨ ਸੰਤ ਉਬਾਰਨ॥ਦੁਸ਼ਟ ਸਭਨ ਕੋ ਮੂਲ ਉਪਰਨ॥ਬ.ਨਾ.) ਸਿੱਖ ਧਰਮ ਨਾਲ ਅਨੁਸਾਰ ਵਾਹਿਗੁਰੂ ਨਾਲ ਇਕ ਹੋਣ ਦਾ ਇਹ ਉਦੇਸ਼ ਸਿੱਖ ਧਰਮ ਨੂੰ ਹਿੰਦੂ ਬੋਧੀ ਧਰਮ ਪ੍ਰੰਪਰਾ ਤੋਂ ਨਿਖੇੜਦਾ ਹੈ ਅਤੇ ਇਸਨੂੰ ਸੁਤੰਤ੍ਰ ਧਰਮ ਵਜੋਂ ਸਥਾਪਿਤ ਕਰਦਾ ਹੈ।ਸਿੱਖ ਧਰਮ ਦੁਆਰਾ ਸੁਤੰਤ੍ਰ ਵਿਸ਼ਵ ਧਰਮ ਵਜੋਂ ਕੀਤਾ ਦਾਅਵਾ ਕੋਈ ਹੱਠ ਯਾ ਸ਼ੇਖੀ ਨਹੀਂ, ਸਗੋਂ ਇਹ ਪੂਰੀ ਤਰ੍ਹਾਂ ਉਚਿਤ ਅਤੇ ਵਿਗਿਆਨਕ ਦਾਅਵਾ ਹੈ।ਸਿੱਖ ਸਿਧਾਂਤ ਵਿਚ 'ਨਿਰਵਾਣ' ਦੀ ਕੋਈ ਮਹਿਮਾ ਬਿਆਨ ਨਹੀਂ ਕੀਤੀ, ਨਾਂ ਹੀ ਇਸ ਵਿਚ ਸ਼ੁੰਨਯਤਾ ਦੀ ਅਵਸਥਾ ਲਈ ਅਤੇ ਨਾਂ ਹੀ ਅਕ੍ਰਿਆਸ਼ੀਲ ਸ਼ਾਂਤੀ ਲਈ ਖਿੱਚ ਹੈ।ਇਥੇ ਤਾਂ ਪ੍ਰਭੂ ਨਾਲ ਅਭੇਦ ਹੋਣ ਨੂੰ ਹੀ ਜੀਵਨ ਮਨੋਰਥ ਮਿਥਿਆ ਗਿਆ ਹੈ।ਪ੍ਰਭੂ ਨਾਲ ਮਨੁੱਖ ਨੂੰ ਪ੍ਰੇਮ ਕਰਦਿਆਂ ਸਭ ਕੁੱਝ ਕੁਰਬਾਨ ਕਰਨ ਦੀ ਪ੍ਰੇਰਣਾ ਦਿੱਤੀ ਹੈ।ਇਹ ਪਿਆਰ ਦੋ-ਪਾਸਾ ਹੈ।ਇਸ ਗੱਲ ਨੂੰ ਭਗਤ ਕਬੀਰ ਜੀ ਨੇ ਬਿਆਨ ਕੀਤਾ ਹੈ।(ਕਰਵਤੁ ਭਲਾ ਨ ਕਰਵਟ ਤੇਰੀ॥ਲਾਗੁ ਗਲੇ ਸੁਨੁ ਬਿਨਤੀ ਮੇਰੀ॥ਹਉ ਵਾਰੀ ਮੁਖੁ ਫੇਰਿ ਪਿਆਰੇ॥ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥)ਗੁ.ਗ੍ਰੰ.ਸਾ.

(8)

ਗੁਰੂ ਅਮਰਦਾਸ ਜੀ ਨੇ ਹਿੰਦੂ ਪ੍ਰੰਪਰਾ ਵਿਚ ਪਰਮ-ਸਤਿ ਦੇ ਮੂਲ ਸੰਕਲਪ 'ਸਤਿ-ਚਿਤ-ਆਨੰਦ' ਨੂੰ, ਸਿੱਖ ਪ੍ਰਮਾਰਥ ਦੇ ਸੰਕਲਪ ਦੇ ਪਿਛੋਕੜ ਵਿਚ, ਨਵੀਂ ਪ੍ਰੀਭਾਸ਼ਾ ਪ੍ਰਦਾਨ ਕੀਤੀ।ਪਰਮ-ਸਤਿ ਦੇ ਆਖਰੀ ਲੱਛਣ 'ਆਨੰਦ' ਨੂੰ ਠੀਕ ਤਰ੍ਹਾਂ ਸਮਝਣ ਲਈ ਹਿੰਦੂ ਮਨ ਕਈ ਯੁੱਗਾਂ ਤੋਂ ਯਤਨਸ਼ੀਲ ਰਿਹਾ ਅਤੇ ਉਸਨੂੰ ਇਹ ਸਮਝ ਆਈ ਕਿ ਇਹ ਬੀਜ-ਰਹਿਤ ਅਤੇ ਲੱਛਣ-ਰਹਿਤ ਮਦਹੋਸ਼ੀ ਹੁੰਦੀ ਹੈ ਜਿਥੇ ਸੰਪੂਰਣ ਸ਼ੂੰਨਯਤਾ ਹੁੰਦੀ ਹੈ, ਜਦੋਂ ਕਿ ਕੁੱਝ ਇਸ ਨੂੰ ਸ਼ੁੱਧ ਸ਼੍ਰੀਰਕ ਮੰਨਦੇ ਹਨ ਜਿਵੇਂ ਕਿ ਪੁਸ਼ਟੀਮਾਰਗ ਵਿਚ ਹੈ (ਦੁਨਿਆਵੀ ਸੁੱਖ ਰੂਹਾਨੀ ਅਨੁਭਵ ਲਈ ਰੁਕਾਵਟ ਨਹੀਂ ਬਣਦੇ) ਜਾਂ ਸੰਭੋਗ ਅਨੁਭਵ ਦੀਆਂ ਰਹੱਸਮਈ ਤਰੰਗਾਂ ਸਮਝਿਆ ਜਾਂਦਾ ਹੈ।ਸਾਡੇ ਅੱਜ ਦੇ ਯੁੱਗ ਦਾ ਅਰਬਿੰਦੋ ਆਪਣੀ ਪੁਸਤਕ 'Life Divine' ਵਿਚ ਤੈਤਰਯ ਉਪਨਿਸ਼ਦ ਦਾ ਹਵਾਲਾ ਦਿੰਦਾ ਹੋਇਆ ਮੰਨਦਾ ਹੈ ਕਿ:
"ਖੁਸ਼ੀ ਹੋਂਦ ਹੈ, ਖੁਸ਼ੀ ਸ੍ਰਿਸ਼ਟੀ ਰਚਨਾ ਦਾ ਰਾਜ਼ ਹੈ, ਖੁਸ਼ੀ ਜਨਮ ਦਾ ਮੂਲ ਹੈ, ਇਸ ਜੀਵਨ ਦੀ ਹੋਂਦ ਵੀ ਇਸੇ ਕਾਰਣ ਹੈ ਅਤੇ ਜੀਵਨ ਤੇ ਸ੍ਰਿਸ਼ਟੀ ਰਚਨਾਂ ਦਾ ਖਾਤਮਾਂ ਵੀ ਇਸੇ ਕਾਰਣ ਹੈ"।
ਆਧੁਨਿਕ ਅੰਗ੍ਰੇਜ਼ ਫਿਲਾਸਫਰ ਐਫ.ਐਚ.ਬ੍ਰਾਡਲੇ (1846-1924) ਆਪਣੀ ਪੁਸਤਕ 'Appearance And Reality' ਵਿਚ ਐਲਾਨ ਕਰਦਾ ਹੈ, "ਸੰਪੂਰਣਤਾ ਤੋਂ ਭਾਵ ਪ੍ਰਸੰਨਤਾ ਨਾਲ ਜੁੜੀ ਹੋਂਦ ਅਤੇ ਖਿਆਲ ਦੀ ਪਹਿਚਾਣ ਹੈ"।
ਗੰਭੀਰ ਚਿੰਤਨ, ਭਾਵੇਂ ਇਹ ਸਿੱਧ ਕਰ ਸਕਦਾ ਹੈ ਕਿ ਪਰਮ-ਸਤਿ ਦੇ ਇਹ ਤਿੰਨ ਲ਼ੱਛਣ ਇਕ-ਦੂਜੇ ਤੋਂ ਭਿੰਨ ਨਹੀਂ, ਇੰਨ੍ਹਾਂ ਵਿਚੋਂ ਅੰਤਮ ਲੱਛਣ ਪਰਮ-ਸਤਿ ਵਿਚ ਅਭੇਦ ਹੋਏ ਬਿਨਾਂ ਸਮਝਣਾ ਅਸੰਭਵ ਹੈ।'ਸਤਿ' ਭਾਵ ਵਜੂਦ, 'ਚਿਤ' ਭਾਵ ਚੇਤਨਾਂ ਤੋਂ ਸੁਤੰਤ੍ਰ ਰਹਿ ਸਕਦਾ ਹੈ ਅਤੇ ਇਸੇ ਪ੍ਰਕਾਰ 'ਚਿਤ' 'ਸਤਿ' ਤੋਂ ਬਿਨਾਂ ਆਪਣੇ ਢੰਗ ਨਾਲ ਵਿਚਰ ਸਕਦਾ ਹੈ ਅਤੇ ਨਾਂ ਹੀ 'ਸਤਿ' ਅਤੇ 'ਚਿਤ' ਨੂੰ ਆਪਣਾ ਵਜੂਦ ਰਖਣ ਲਈ 'ਆਨੰਦ' ਦੀ ਜ਼ਰੂਰਤ ਹੈ।ਪਰ ਆਨੰਦ ਦਾ ਵਾਸਾ, ਚੇਤਨਾਂ ਜੋ ਕਿ ਪੁਰੁਸ਼ ਦਾ ਮੂਲ ਅਧਾਰ ਹੈ, ਤੋਂ ਬਿਨਾਂ ਨਹੀਂ ਹੋ ਸਕਦਾ।ਚੇਤਨਾਂ ਆਪਣੇ ਆਪ ਵਿਚ ਮਹਾਨ ਰਹੱਸ ਹੈ ਜੋ

ਕਿ ਆਪੇ ਦੀ ਸੋਝੀ ਦਿੰਦੀ ਹੈ, ਇਸੇ ਨੂੰ ਦਾਰਸ਼ਨਿਕ 'ਅਸੀਮ ਵਾਪਸੀ' ਕਹਿੰਦੇ ਹਨ।ਉਸ ਵੇਲੇ ਤੱਕ ਇਸ ਵਾਪਸੀ ਦੇ ਆਰੰਭਕ ਬਿੰਦੂ ਦੀ ਕਿਸੇ ਨੂੰ ਕੋਈ ਸਮਝ ਨਹੀਂ ਆ ਸਕਦੀ ਜਦੋਂ ਤਕ ਉਹ ਚੇਤਨਾਂ ਨੂੰ ਸਾਂਭਣ ਵਾਲਾ ਪਾਤਰ ਨਾਂ ਰਖਦਾ ਹੋਵੇ।ਪਰ 'ਸਤਿ' ਅਤੇ 'ਚਿਤ' ਲਈ ਅਜਿਹੀ ਪੂਰਵ ਸ਼ਰਤ ਕੋਈ ਨਹੀਂ।ਇਸਦਾ ਪ੍ਰਮਾਣ ਇਹ ਹੁੰਦਾ ਹੈ ਕਿ ਅਸੀਮਤਾ ਦੇ ਰਹੱਸਵਾਦ ਵਿਚ ਆਨੰਦ ਨਹੀਂ ਸ਼ਾਮਲ ਹੁੰਦਾ ਜਦੋਂ ਕਿ ਸ਼ਖਸੀਅਤ ਦੇ ਰਹੱਸਵਾਦ ਵਿਚ ਪਰਮ-ਸਤਿ ਦੇ ਤਿੰਨੋਂ ਲਛਣ ਵਿਹਾਰਕਤਾ ਅਤੇ ਵੈਧਤਾ ਨੂੰ ਪ੍ਰਾਪਤ ਹੁੰਦੇ ਹਨ।ਇਸ ਨੁਕਤੇ ਨੂੰ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਆਨੰਦ ਰਾਮਕਲੀ ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ਼ ਹੈ, ਵਿਚ ਸਪਸ਼ਟ ਕਰ ਦਿਤਾ ਹੈ:

"ਆਨੰਦ ਕੀ ਹੈ, ਬਾਰੇ ਬਹੁਤ ਅਨੁਮਾਨ ਹਨ, ਪਰ ਗੁਰੂ ਦੇ ਸ਼ਬਦ ਦੁਆਰਾ ਇਸਦੀ ਸਮਝ ਆਈ ਹੈ।ਅਸਲ ਆਨੰਦ ਪ੍ਰਭੂ ਪਿਆਰ ਅਤੇ ਬਖਸ਼ਿਸ਼ ਵਿਚ ਸਮਾਏ ਰਹਿਣਾ ਹੈ।ਪ੍ਰਭੂ ਕ੍ਰਿਪਾ ਕਰਕੇ ਮਨੁੱਖੀ ਹਉਮੈ ਵਿਚੋਂ ਪੈਦਾ ਹੋਏ ਦੋਸ਼ ਅਤੇ ਸਭ ਰੁਕਾਵਟਾਂ ਦੂਰ ਕਰ ਦਿੰਦਾ ਹੈ ਅਤੇ ਉਸਨੂੰ ਸਦਾ ਰਹਿਣ ਵਾਲਾ ਸੱਚਾ ਗਿਆਨ ਦਿੰਦਾ ਹੈ।ਮਨੁੱਖ ਜਦੋਂ ਸੰਸਾਰ ਦੇ ਮੋਹ ਤੋਂ ਮੁਕਤ ਹੋ ਜਾਂਦਾ ਹੈ ਤਾਂ ਉਹ ਸ਼ਬਦ ਦੁਆਰਾ ਸੁੱਖੀ ਅਤੇ ਪਵਿੱਤ੍ਰ ਹੋ ਜਾਂਦਾ ਹੈ"—

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥ਕਰਿ ਕ੍ਰਿਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥ਕਹੈ ਨਾਨਕੁ ਇਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥ ਸਿੱਖੀ ਅਨੁਸਾਰ ਇਹੀ 'ਆਨੰਦ' ਹੈ।

(9)

ਪ੍ਰਾਚੀਨ ਅਤੇ ਮਹਾਨ ਗ੍ਰੰਥ ਛਾਂਦੋਗਯ ਉਪਨਿਸ਼ਦ ਸਾਨੂੰ ਦੱਸਦਾ ਹੈ ਕਿ "ਮਨ ਅੰਨ ਦੁਆਰਾ ਬਣਦਾ ਹੈ,"

ਅੰਨਮਯੰ ਹਿ ਮਨ: ਹਿੰਦੂ ਮੱਤ ਸ਼ਰੀਰ, ਚਿੱਤ ਅਤੇ ਮਨ ਨੂੰ ਮਨੁੱਖੀ ਸ਼ਖਸੀਅਤ ਦੇ ਮੁੱਖ ਸੰਘਟਕ ਮੰਨਦਾ ਹੈ।'ਸ਼ਰੀਰ' ਦੀ ਰਚਨਾਂ ਹੁੰਦੀ ਹੈ ਅਤੇ ਇਹ ਨਾਸ਼ਵਾਨ ਹੈ, ਜਦੋਂ ਕਿ ਆਤਮਾਂ ਅਮਰ ਹੈ।'ਚਿੱਤ' ਸਾਡੇ ਪੂਰਬ ਕਰਮਾਂ ਕਰਕੇ ਹੈ ਅਤੇ 'ਮਨ' ਦੀ ਉਤਪਤੀ ਅਸੀਂ ਜਿਹੜਾ ਵੀ ਅੰਨ/ਭੋਜਨ ਖਾਂਦੇ ਹਾਂ, ਉਸ ਨਾਲ ਹੁੰਦੀ ਹੈ।ਇਉਂ ਅੰਨ ਦੀ ਮਨੁੱਖੀ ਜੀਵਨ ਵਿਚ ਬਹੁਤ ਮਹੱਤਤਾ ਹੈ, ਕਰਮ ਮਨ ਕਰਕੇ ਹੁੰਦੇ ਹਨ ਅਤੇ ਪਿਛਲੇ ਜਨਮ ਦੇ ਕਰਮ ਹੀ ਆਵਾਗਉਣ ਨੂੰ ਨਿਰਧਾਰਤ ਕਰਦੇ ਹਨ ਜਾਂ ਮੁਕਤੀ ਦਿੰਦੇ ਹਨ- **ਇਹ ਹਿੰਦੂ ਪਰਮਾਰਥ** ਹੈ।ਇਸ ਤਰ੍ਹਾਂ ਮਨੁੱਖ ਜੋ ਵੀ ਪਦਾਰਥ ਖਾਂਦਾ ਹੈ, ਹਿੰਦੂ ਮੱਤ ਅਨੁਸਾਰ ਉਸਦਾ ਵਿਸ਼ੇਸ਼ ਮਹੱਤਵ ਹੁੰਦਾ ਹੈ, ਕਿਉਂਕਿ ਇਸੇ ਨਾਲ ਉਨ੍ਹਾਂ ਦਾ ਅੰਤਮ ਭਾਵ ਸਰਵੁੱਚ ਸਰੋਕਾਰ ਪੂਰਾ ਹੁੰਦਾ ਹੈ; ਉਹ ਲੋਕ ਗਲਤ ਹਨ ਜਿਹੜੇ ਹਿੰਦੂਆਂ ਦੇ ਇੰਨ੍ਹਾਂ ਵਿਚਾਰਾਂ ਪਿੱਛੇ ਉਨ੍ਹਾਂ ਵਿਚਲੀ ਖੁਦ ਨੂੰ ਉਤਮ ਸਮਝਣ ਦੀ ਬਿਰਤੀ ਸਮਝਦੇ ਹਨ।ਇਕ ਹਿੰਦੂ ਲਈ ਅੰਨ ਮੁੱਖ ਰੂਪ ਵਿਚ ਸ਼ਰੀਰ ਦੀ ਖੁਰਾਕ ਹੀ ਨਹੀਂ, ਸਗੋਂ ਉਹ ਮੰਨਦਾ ਹੈ ਕਿ ਇਸਦਾ ਉਸਦੇ ਮਨ ਉਪਰ ਮੁੱਖ ਰੂਪ ਵਿਚ ਪ੍ਰਭਾਵ ਪੈਦਾ ਹੁੰਦਾ ਹੈ।ਉਹ ਸਮਝਦਾ ਹੈ ਕਿ ਉਸਨੇ ਕੀ, ਕਿਵੇਂ ਅਤੇ ਕਿੱਥੇ ਖਾਣਾ ਹੈ, ਇਹ ਉਸਦੇ ਧਰਮ ਨੇ ਦੱਸਣਾ ਹੈ; ਅਜਿਹਾ ਉਹ ਇਸ ਕਰਕੇ ਨਹੀਂ ਸੋਚਦਾ ਕਿ ਉਸ ਵਿਚ ਭਾਈਚਾਰੇ ਦੀਆਂ ਭਾਵਨਾਵਾਂ ਨਹੀਂ ਹਨ।ਇਹ ਬਦਕਿਸਮਤੀ ਦੀ ਗੱਲ ਹੈ ਕਿ ਹਿੰਦੂਆਂ ਬਾਰੇ ਇਹ ਗਲਤ ਧਾਰਨਾਂ ਪੈਦਾ ਹੋ ਗਈ ਕਿ ਉਹ ਕੇਵਲ ਵਿਸ਼ੇਸ਼ ਸਮੂਹ ਨਾਲ ਮਿਲਕੇ ਹੀ ਭੋਜਨ ਕਰਦੇ ਹਨ, ਜਦੋਂ ਕਿ ਉਹ ਹੋਰਨਾਂ ਨੂੰ ਪਰਾਇਆ ਸਮਝਦੇ ਹਨ ਅਤੇ ਵਿਦੇਸ਼ੀਆਂ ਨਾਲ ਬਿਨਾਂ ਕਾਰਨ ਨਫਰਤ ਕਰਦੇ ਹਨ।ਇਸ ਪਛੋਕੜ ਵਿਚ ਹਿੰਦੂ ਭੋਜਨ ਨੂੰ, ਸ਼ਾਂਖ ਮੱਤ ਦੁਆਰਾ ਦਰਸਾਏ ਹਰ ਵਸਤੂ ਦੇ ਤਿੰਨ ਗੁਣਾਂ ਦੇ ਆਧਾਰ ਉਪਰ, ਤਿੰਨ ਸ਼੍ਰੇਣੀਆਂ ਵਿਚ ਵੰਡਦੇ ਹਨ-ਸਤ, ਰਜਸ, ਤਮਸ।

ਪਹਿਲੀ ਪ੍ਰਕਾਰ ਦਾ ਭੋਜਨ ਰਸੀਲਾ, ਸਾਫ ਅਤੇ ਸੰਤੁਲਿਤ ਭੋਜਨ ਹੁੰਦਾ ਹੈ; ਜਦੋਂ ਕਿ ਦੂਜੀ ਪ੍ਰਕਾਰ ਦਾ ਭੋਜਨ ਬਲ-ਵਰਧਕ ਅਤੇ ਫੁਰਤੀ ਦੇਣ ਵਾਲਾ ਹੁੰਦਾ ਹੈ ਅਤੇ ਤੀਜੀ ਪ੍ਰਕਾਰ ਦਾ ਭੋਜਨ ਸੁਸਤੀ ਅਤੇ ਘਬਰਾਹਟ ਪੈਦਾ ਕਰਦਾ ਹੈ।ਸਾਰਾ ਵਜੂਦ ਇੰਨ੍ਹਾਂ ਤਿੰਨ ਗੁਣਾਂ ਦੀ ਭਿੰਨਤਾ ਜਾਂ ਵਾਧੇ ਘਾਟੇ ਕਰਕੇ ਠੀਕ ਤਰ੍ਹਾਂ ਅਤੇ ਨਿਯਮਤ ਰੂਪ ਵਿਚ ਮੌਜੂਦ ਹੈ।ਇਸ ਕਰਕੇ ਕੋਈ ਵੀ ਹਿੰਦੂ ਸਾਤਵਿਕ ਭੋਜਨ ਪਸੰਦਾ ਕਰਦਾ ਹੈ।ਭਗਵਤ ਗੀਤਾ ਵਿਚ ਸਾਤਵਿਕ ਭੋਜਨ ਦੀ ਪਹਿਚਾਣ ਇਹ ਦੱਸੀ ਗਈ ਹੈ ਕਿ ਇਹ ਸੁਆਦ ਵਿਚ ਮਿੱਠਾ, ਸਾਫ-ਸੁਥਰਾ ਅਤੇ ਸੁਆਦੀ ਹੁੰਦਾ ਹੈ ਅਤੇ ਇਸਨੂੰ ਸੇਵਨ ਕਰਨ ਨਾਲ ਸੁੱਖ ਮਹਿਸੂਸ ਹੁੰਦਾ ਹੈ।ਇਸੇ ਕਰਕੇ ਭਾਰਤੀ ਲੋਕ ਰਸਗੁੱਲੇ, ਗੁਲਾਬ ਜਾਮਨ, ਹਲਵਾ ਅਤੇ ਪੁਲਾਉ ਵਧੇਰੇ ਪਸੰਦ ਕਰਦੇ ਹਨ;

ਭਾਰਤੀ ਲੋਕ ਅਜਿਹਾ ਇਸ ਕਰਕੇ ਨਹੀਂ ਕਰਦੇ ਕਿ ਇਸ ਨਾਲ ਸਿਹਤ ਠੀਕ ਰਹਿੰਦੀ ਹੈ ਅਤੇ ਭਾਰ ਨਹੀਂ ਵਧਦਾ; ਸਗੋਂ ਉਹ ਅਜਿਹੇ ਭੋਜਨ ਦੇ ਮਨ ਨਾਲ ਸੰਬੰਧਿਤ ਹੋਣ ਦੇ ਖਿਆਲ ਨਾਲ ਕਰਦੇ ਹਨ।ਹਿੰਦੂਆਂ ਵਿਚ ਤਿੰਨ ਪ੍ਰਕਾਰ ਦੇ ਪਾਬੰਦੀ-ਯੁਕਤ ਅਤੇ ਦੋਸ਼-ਯੁਕਤ ਭੋਜਨ ਮੰਨੇ ਗਏ ਹਨ।ਇਹ ਦੋਸ਼ ਹਨ:

ਜਾਤੀ ਦੋਸ਼-ਅਸੱਭਿਅਕ ਅਤੇ ਵਹਿਸ਼ੀ ਗੁਣਾਂ ਵਾਲਾ ਭੋਜਨ, ਜਿਵੇਂ ਪਿਆਜ ਅਤੇ ਲਸਣ।

ਸਥਾਨ ਦੋਸ਼- ਖੁਲ੍ਹੇ ਥਾਂ ਖਾਣਾ ਖਾਂਦਿਆਂ ਜੇਕਰ ਕੋਈ ਅਜਨਬੀ ਵਿਅਕਤੀ ਭੋਜਨ ਨੂੰ ਘੂਰ-ਘੂਰ ਕੇ ਵੇਖ ਲਵੇ।

ਨਮਿੱਤ ਦੋਸ਼- ਖਾਣਾ ਕਿਸਨੇ ਪਕਾਇਆ ਹੈ, ਇਸਨੂੰ ਕਿਸਨੇ ਛੋਹਿਆ ਹੈ ਅਤੇ ਇਹ ਕਿੱਥੋਂ ਆਇਆ ਹੈ; ਇਸਦੀ ਵਿਚਾਰ ਕਰਨੀ।

ਇਸ ਤਰ੍ਹਾਂ ਦੀਆਂ ਕਠੋਰ ਪਰੰਪਰਾਵਾਂ ਅਤੇ ਧਾਰਨਾਵਾਂ ਦੇ ਪਿਛੋਕੜ ਦੇ ਹੁੰਦਿਆ ਗੁਰੂ ਅਮਰਦਾਸ ਜੀ ਨੇ ਲੰਗਰ ਸੰਸਥਾ ਦੀ ਸਥਾਪਤੀ ਕੀਤੀ।ਅੱਜ ਕੱਲ ਹਰ ਛੋਟੇ-ਵੱਡੇ ਗੁਰਦਵਾਰੇ ਨਾਲ ਲੰਗਰ ਜ਼ਰੂਰੀ ਤੌਰ ਤੇ ਜੁੜਿਆ ਹੋਇਆ ਹੈ।ਗੁਰੂ ਜੀ ਨੇ ਆਪਣੇ ਕੋਲ ਆਉਣ ਵਾਲੇ ਹਰ ਵਿਅਕਤੀ ਲਈ ਲੰਗਰ ਵਿਚੋਂ ਪ੍ਰਸ਼ਾਦਾ ਛਕਣ ਦੀ ਪੂਰਬ-ਸ਼ਰਤ ਲਗਾਈ ਹੋਈ ਸੀ। ਇਤਿਹਾਸਕਾਰ ਲਿਖਦੇ ਹਨ ਕੀ ਰਾਜਾ ਅਤੇ ਕੀ ਰਾਜਕੁਮਾਰ, ਕੀ ਅਮੀਰ ਤੇ ਕੀ ਕੰਗਾਲ, ਕੀ ਉਚ ਜਾਤੀ ਵਾਲੇ ਤੇ ਕੀ ਨੀਵੀਂ ਜਾਤ ਵਾਲੇ, ਕੀ ਹਿੰਦੂ ਤੇ ਕੀ ਮੁਸਲਮਾਨ ਸਭ ਨੂੰ ਇਹ ਸ਼ਰਤ ਪੂਰੀ ਕਰਨੀ ਪਈ।ਉਸ ਸਮੇਂ ਹਿੰਦੂਆਂ ਦੁਆਰਾ ਇਕ ਹੀ ਥਾਂ ਸਭ ਨਾਲ ਇਕੱਠੇ ਭੋਜਨ ਕਰਨ ਦੀ ਕਲਪਨਾਂ ਕਰਨੀ ਵੀ ਅਸੰਭਵ ਹੈ।ਜਦੋਂ ਕਿ ਮੱਧਕਾਲੀ ਭਾਰਤ ਵਿਚ ਮੁਸਲਮਾਨਾਂ ਦੇ ਸੂਫੀ ਦਰਵੇਸ਼ ਲੰਗਰ ਦੀ ਸੰਸਥਾ ਜ਼ਰੂਰ ਚਲਾ ਰਹੇ ਸਨ।

ਇਤਿਹਾਸ (ਫਾਵੇਦ-ਉਲ-ਫੁਆਦ) ਵਿਚ ਦਰਜ਼ ਹੈ ਕਿ ਖਵਾਜ਼ਾ ਨਿਜ਼ਾਮੁਦੀਨ ਜੋ ਕਿ ਸ਼ੇਖ ਫਰੀਦ ਸ਼ਕਰਗੰਜ ਦਾ ਉਤਰਾਧਿਕਾਰੀ ਸੀ, ਯਾਤਰੂਆਂ ਨੂੰ ਆਪਣੇ ਕੋਲ ਆਉਣ ਤੋਂ ਪਹਿਲਾਂ ਲੰਗਰ ਛੱਕਣ ਲਈ ਕਿਹਾ ਕਰਦਾ ਸੀ।ਔਲੀਆ ਸਾਹਿਬ ਅਕਸਰ ਹਦੀਸ ਵਿਚੋਂ ਇਹ ਹਵਾਲਾ ਦਿਆ ਕਰਦੇ ਸਨ, "ਜੇਕਰ ਕੋਈ ਕਿਸੇ ਬੰਦੇ ਦੇ ਘਰੋਂ ਬਿਨਾਂ ਪ੍ਰਸ਼ਾਦਾ ਛਕਿਆਂ ਆ ਗਿਆ ਤਾਂ ਸਮਝੋ ਉਹ ਕਿਸੇ ਜਿਉਂਦੇ ਬੰਦੇ ਕੋਲ ਨਹੀਂ, ਸਗੋਂ ਮੁਰਦੇ ਕੋਲ ਗਿਆ ਸੀ"।

ਪ੍ਰੰਤੂ ਗੁਰੂ ਅਮਰਦਾਸ ਜੀ ਨੇ ਸਿੱਖ ਲੰਗਰ ਦੀ ਜਿਸ ਸੰਸਥਾ ਨੂੰ ਮਜ਼ਬੂਤ ਕੀਤਾ, ਉਹ ਆਪਣੇ ਸਿਧਾਂਤਾਂ ਅਤੇ ਉਦੇਸ਼ਾਂ ਕਰਕੇ ਮੁਸਲਮਾਨੀ ਲੰਗਰ ਤੋਂ ਭਿੰਨ ਸੀ।ਸਿੱਖਾਂ ਦੀ ਲੰਗਰ ਸੰਸਥਾ ਨੇ ਭਾਰਤੀ ਇਤਿਹਾਸ ਅਤੇ ਵਾਤਾਵਰਣ ਵਿਚ ਪ੍ਰਮੁੱਖ ਰੂਪ ਵਿਚ ਤਿੰਨ ਤਰ੍ਹਾਂ ਨਾਲ ਨਵਾਂ ਅਤੇ ਕ੍ਰਾਂਤੀਕਾਰੀ ਕਾਰਜ ਕੀਤਾ:

(1) ਸਿੱਖ ਲੰਗਰ ਕੇਵਲ ਮਹਿਮਾਨ-ਨਿਵਾਜੀ ਲਈ ਨਹੀਂ।ਸੰਸਾਰ ਵਿਚ ਮਹਿਮਾਨ-ਨਿਵਾਜੀ ਲਈ ਮੁਸਲਮ ਪਰੰਪਰਾ ਬੜੀ ਪ੍ਰਸਿੱਧ ਹੈ ਅਤੇ ਇਸ ਪ੍ਰਾਹੁਣਚਾਰੀ ਦੇ ਸੁਭਾਅ ਕਰਕੇ ਮੁਸਲਮਾਨ ਸੰਸਾਰ ਦੇ ਦੂਜੇ ਲੋਕਾਂ ਅਤੇ ਫਿਰਕਿਆਂ ਤੋਂ ਵੱਖਰੇ ਨਜ਼ਰ ਆਉਂਦੇ ਹਨ।ਦਿੱਲੀ ਵਿਚ ਜਦੋਂ ਸੁਲਤਾਨਾਂ ਦਾ ਰਾਜ ਸੀ ਤਾਂ ਇਹ ਗੱਲ ਇਤਿਹਾਸ ਵਿਚ ਲਿਖੀ ਮਿਲਦੀ ਹੈ ਕਿ ਇਕ ਪ੍ਰਸਿੱਧ ਮੁਸਲਮ ਸੰਤ ਸ਼ਹਿਰ ਦੀਆਂ ਗਲੀਆਂ ਵਿਚ ਰੋਜ਼ਾਨਾਂ ਘੁੰਮ-ਘੁੰਮ ਕੇ ਇਹ ਗਾਉਂਦਾ ਸੀ, "ਐ ਮੁਸਲਮਾਨੋ, ਸੱਚੇ ਮੁਸਲਮਾਨ ਬਣੋ, ਤੁਹਾਡੇ ਕੋਲ ਜੋ ਕੁੱਝ ਭੀ ਹੈ, ਉਸਨੂੰ ਵਧੀਆ ਮਹਿਮਾਨ ਨਿਵਾਜੀ ਲਈ ਖਰਚ ਦਿਓ"।(ਐ ਮੁਸਲਮਾਨ! ਮੁਸਲਮਾਨੀ ਕੁਨਦ।ਆਂਚ ਬਿਗਜ਼ਰਦ ਮਹਿਮਾਨੀ ਕੁਨਦ)।ਸਿੱਖ ਲੰਗਰ ਵਿਚ ਮੇਜ਼ਬਾਨੀ ਲਈ ਦਿੱਤਾ ਜਾਣ ਵਾਲਾ ਪ੍ਰਸ਼ਾਦਾ, ਮਨੁੱਖੀ ਵਿਸ਼ਵ-ਭਾਈਚਾਰੇ ਦੇ ਸਿੱਖ ਸਿਧਾਂਤ ਦਾ ਪ੍ਰਤੀਕ ਹੈ।

(2) ਸਿੱਖ ਸਿਧਾਂਤ ਭੋਜਨ ਨੂੰ ਵਾਹਿਗੁਰੂ ਦੀ ਦਾਤ ਮੰਨਦਿਆਂ ਇਸਦਾ ਸੰਬੰਧ ਖੁਰਾਕ ਅਤੇ ਸਿਹਤ ਨਾਲ ਜੋੜਦਾ ਹੈ ਅਤੇ ਇਹ ਸਿਧਾਂਤ ਹਿੰਦੂ ਮੱਤ ਦੇ ਭੋਜਨ ਪ੍ਰਤੀ ਦ੍ਰਿਸ਼ਟੀਕੋਣ, ਜਿਸ ਅਨੁਸਾਰ ਭੋਜਨ ਮਾਨਸਿਕ ਅਤੇ ਧਾਰਮਿਕ ਜੀਵਨ ਉਪਰ ਪ੍ਰਭਾਵ ਪਾਉਂਦਾ ਹੈ, ਤੋਂ ਵੀ ਵੱਖਰਾ ਹੈ।

(3) ਭੋਜਨ ਦੇ ਦੋਸ਼ਾਂ ਦੇ ਸੰਕਲਪ ਨੂੰ ਸਿੱਖ ਸਿਧਾਂਤ ਸਵੀਕਾਰ ਨਹੀਂ ਕਰਦਾ ਅਤੇ ਇੱਕ ਹੀ ਮੰਗ ਕਰਦਾ ਹੈ ਕਿ ਭੋਜਨ ਸਾਫ, ਪੌਸ਼ਟਿਕ ਅਤੇ ਸੱਚੀ-ਸੁੱਚੀ ਕਿਰਤ ਵਿਚੋਂ ਆਇਆ ਹੋਵੇ।ਗੁਰੂ ਅਮਰਦਾਸ ਜੀ ਨੇ ਸਿੱਖ ਜੀਵਨ ਜਾਚ ਦੇ ਇੰਨ੍ਹਾਂ ਸਭ ਕ੍ਰਾਂਤੀਕਾਰੀ ਵੀਚਾਰਾਂ ਨੂੰ ਪ੍ਰਚਾਰਿਆ।

'ਸਤੀ' ਦਾ ਸ਼ਾਬਦਿਕ ਅਰਥ 'ਉਹ ਇਸਤ੍ਰੀ ਜੋ ਸੱਚ ਨਾਲ ਵਿਆਹੀ ਹੈ' ਅਤੇ 'ਗੁਣਵਾਨ ਪਤਨੀ ਹੈ'।ਪ੍ਰਾਚੀਨ ਸਮੇਂ ਤੋਂ ਸਾਡੇ ਦੇਸ਼ ਵਿਚ ਇਹ ਗੱਲ ਮੰਨੀ ਜਾਂਦੀ ਹੈ ਕਿ ਸਤੀ ਦੀ ਸੱਚੀ ਪਰਖ ਉਸ ਵੇਲੇ ਹੁੰਦੀ ਹੈ ਜਦੋਂ ਉਹ ਆਪਣੇ ਪਤੀ ਦੀ ਚਿਖਾ ਵਿਚ ਆਪਣੇ ਆਪ ਨੂੰ ਜਲਾ ਲੈਂਦੀ ਹੈ।ਪ੍ਰਮੁੱਖ ਅਤੇ ਪ੍ਰਾਚੀਨ 'ਬ੍ਰਹਮ ਪੁਰਾਣ' ਵਿਚ ਕਿਹਾ ਗਿਆ ਹੈ "ਇਸਤ੍ਰੀ ਦਾ ਇਹ ਵੱਡਾ ਫਰਜ਼ ਹੈ ਕਿ ਉਹ ਆਪਣੇ ਪਤੀ ਦੀ ਮੌਤ ਬਾਅਦ ਆਪਣੀ ਬਲੀ ਦੇਵੇ, ਵੇਦ ਅਨੁਸਾਰ ਸਾਰੇ ਸਥਾਨਾਂ ਉਪਰ ਇਹ ਸਨਮਾਨਯੋਗ ਗੱਲ ਹੈ"।ਇਸਤ੍ਰੀਣਾਮਯੰ ਪ੍ਰੋਧਰਮ : ਯਦਭਰਤੁਰਨੁਗਮਨਮ॥ ਵੇਦੇ ਚ ਵਿਹਿਤੋ ਮਾਰਗ : ਸਰਵਲੋਕਸਯ ਪੂਜਿਤ॥ 80,75.

ਪਿਛਲੀਆਂ ਚੌਵੀ ਸਦੀਆਂ ਵਿਚ ਭਾਰਤ ਵਿਚ ਆਉਣ ਵਾਲੇ ਯੂਨਾਨੀ ਅਤੇ ਮੁਸਲਮ ਹਮਲਾਵਰ ਸਤੀ ਦੀ ਰਸਮ ਦੇਖ ਹੈਰਾਨ ਹੋ ਗਏ ਅਤੇ ਉਨ੍ਹਾਂ ਨੇ ਇਸ ਘਟੀਆ ਰਸਮ ਅਤੇ ਭਿਆਨਕ ਕਰੂਰਤਾ ਨੂੰ ਮਨੁੱਖੀ ਵਿਸ਼ਵਾਸ਼ ਦੀ ਵਫਾਦਾਰੀ ਦਾ ਇਕ ਸਿਖਰ ਦੱਸਿਆ।ਇਕ ਯੂਨਾਨੀ ਲੇਖਕ ਡਿਓਡੋਰਸ ਸਿਕੁਲਸ ਦੂਜੀ ਸਦੀ ਪੂਰਵ ਈਸਾ ਇਥੇ ਆਇਆ ਸੀ, ਉਸਨੇ ਬੜੇ ਰੁੱਖੇ ਹੋਕੇ ਲਿਖਿਆ ਕਿ "ਇਹ ਪਤੀਆਂ ਦੀ ਬੇਵਕਤੀ ਮੌਤ ਦਾ ਬੀਮਾਂ ਹੈ"।ਪ੍ਰਾਚੀਨ ਭਾਰਤ ਵਿਚ ਘਰ ਦੀਆਂ ਔਰਤਾਂ ਵੱਲੋਂ ਪੁਰਸ਼ਾਂ ਨੂੰ ਜ਼ਹਿਰ ਦੇਕੇ ਮਾਰਨਾਂ ਇਕ ਆਮ ਗੱਲ ਹੋਣ ਕਰਕੇ, ਸੰਵੇਦਨਸ਼ੀਲ ਮੁਸਲਮਾਨਾਂ ਨੇ ਸਤੀ ਦੀ ਰਸਮ ਨੂੰ ਅਮਰ ਮਨੁੱਖੀ ਪ੍ਰੇਮ ਅਤੇ ਕਾਬੂ ਤੋਂ ਬਾਹਰ ਮਨੁੱਖੀ ਵਿਸ਼ਵਾਸ਼ ਦੱਸਿਆ, "ਸੰਸਾਰ ਵਿਚ ਤੁਸੀਂ ਸਿਵਾਇ ਹਿੰਦੂ ਔਰਤ ਦੇ ਪਿਆਰ ਦੇ, ਅਜਿਹੀ ਗੌਰਵਤਾ ਨਹੀਂ ਦੇਖੋਗੇ ਜੋ ਮਰ ਗਏ ਪਤੀ ਦੇ ਨਾਲ ਆਪ ਮਰ ਜਾਂਦੀ ਹੈ" (ਦਰ ਮੁਹੱਬਤ ਚੂੰ ਜ਼ਨੇ ਹਿੰਦੂ ਕਸੇ ਮਰਦਾਨਾ ਨੇਸਤ।ਸੋਖਤਨ ਬਦ ਸ਼ਮਾ ਮੁਰਦਾ ਕਰ ਪਰਵਾਨਾ ਨੇਸਤ।)

ਭਾਰਤ ਦੇ ਵਿਦੇਸ਼ੀ ਸ਼ਾਸ਼ਕਾਂ ਨੇ ਇਸ ਗੈਰ-ਮਾਨਵੀ ਅਤੇ ਜ਼ਮੀਰ ਵਿਰੋਧੀ ਰਸਮ ਨੂੰ ਬੰਦ ਕਰਾਉਣ ਲਈ ਕੋਈ ਕਨੂੰਨ ਨਹੀਂ ਬਣਾਇਆ।ਪੁਰਤਗਾਲੀਆਂ ਨੇ ਸੋਲ੍ਹਵੀਂ ਸਦੀ ਵਿਚ ਗੋਆ ਵਿਚ ਸਤੀ ਦੀ ਰਸਮ ਨੂੰ ਗੈਰ-ਕਨੂੰਨੀ ਕਰਾਰ ਦੇ ਦਿੱਤਾ ਸੀ। ਅਕਬਰ ਬਾਦਸ਼ਾਹ ਨੇ ਆਪਣੇ ਦੁਆਰਾ ਚਲਾਏ 'ਦੀਨ-ਏ-ਇਲਾਹੀ' ਧਰਮ ਵਿਚ ਸਤੀ ਦੀ ਪ੍ਰਥਾ ਨੂੰ ਰੱਦ ਕਰ ਦਿੱਤਾ, ਪਰ ਉਸਨੇ ਇਸਦੀ ਰੋਕਥਾਮ ਲਈ ਕੋਈ ਕਨੂੰਨ ਨਹੀਂ ਬਣਾਇਆ।ਜਹਾਂਗੀਰ ਜਦੋਂ ਤੱਖਤ ਉਪਰ ਬੈਠਾ ਤਾਂ ਉਸਨੇ ਦੇਖਿਆ ਕਿ ਹਿਮਾਲਾ ਦੀਆਂ ਪਹਾੜੀਆਂ ਵਿਚ ਨਵੇਂ ਬਣੇ ਮਸਲਮਾਨਾਂ ਵਿਚ ਇਹ ਰਸਮ ਜਿਉਂ ਦੀ ਤਿਉਂ ਮੌਜੂਦ ਹੈ ਤਾਂ ਉਸਨੇ ਸਖਤੀ ਨਾਲ ਇਸਨੂੰ ਰੋਕਿਆ।ਸ਼ਾਹਜਹਾਨ ਨੇ ਮੁਸਲਮਾਨਾਂ ਦੇ ਕਬਰਸਤਾਨ ਕੋਲ ਸਤੀ ਦੀ ਰਸਮ ਕਰਨ ਨੂੰ ਗੈਰ-ਕਨੂੰਨੀ ਕਰਾਰ ਦਿੱਤਾ।ਸੰਨ 1664 ਵਿਚ ਔਰੰਗਜ਼ੇਬ ਨੇ ਆਪਣੇ ਸਾਰੇ ਰਾਜ ਵਿਚ ਸਤੀ ਦੀ ਪ੍ਰਥਾ ਬੰਦ ਕਰਨ ਦਾ ਫੁਰਮਾਣ ਜ਼ਾਰੀ ਕੀਤਾ, ਪਰ ਉਸਦੀ ਸਰਕਾਰ ਇਸਨੂੰ ਰੋਕਣ ਵਿਚ ਕਾਮਯਾਬ ਨਾਂ ਹੋਈ।

ਲਾਰਡ ਵਿਲੀਅਮ ਬੇਂਟਿਕ ਨੇ 1829 ਈ: ਦੇ ਮਦਰਾਸ-1 ਨਿਯਮ ਤਹਿਤ ਸਤੀ ਦੀ ਰਸਮ ਨੂੰ ਬੰਗਾਲ ਵਿਚ ਗੈਰ-ਕਨੂੰਨੀ ਅਤੇ ਸਜ਼ਾ-ਯੁਕਤ ਜ਼ੁਰਮ ਕਰਾਰ ਦਿੱਤਾ।ਇਹ ਪ੍ਰਥਾ ਪੰਜਾਬ ਵਿਚ 1849 ਈ: ਜਦੋਂ ਇਥੇ ਅੰਗ੍ਰੇਜ਼ਾਂ ਨੇ ਕਬਜ਼ਾ ਕਰ ਲਿਆ, ਉਸ ਵੇਲੇ ਤੱਕ ਮੌਜੂਦ ਸੀ।ਪਰ 1947 ਈ: ਨੂੰ ਜਦੋਂ ਅੰਗ੍ਰੇਜ਼ ਭਾਰਤ ਛੱਡ ਗਏ ਤਾਂ ਹਿੰਦੂ ਮਨ ਉਦਰੇਵੇਂ ਭਰੀ ਹਾਲਤ ਵਾਂਗ ਮੁੜ ਇਸ ਪ੍ਰੱਥਾ ਵੱਲ ਆ ਗਿਆ ਕਦੇ ਕਦਾਈਂ ਇਸਦੀ ਖਬਰ ਸੁਨਣ ਨੂੰ ਮਿਲਦੀ ਰਹਿੰਦੀ ਹੈ।ਗੁਰੂ ਅਮਰਦਾਸ ਨੇ ਸਭ ਤੋਂ ਪਹਿਲਾਂ ਸਤੀ ਦੇ ਰੂਹਾਨੀ ਮਹੱਤਵ ਬਾਰੇ ਨਿਰਣਾ ਕੀਤਾ ਅਤੇ ਸਸਕਾਰ ਦੇ ਮੌਕੇ ਪਤਨੀ ਵਲੋਂ ਮਰਨ ਦੀ ਅੱਤਿਆਚਾਰੀ ਰਸਮ ਨੂੰ ਰੱਦ ਕੀਤਾ।ਗੁਰੂ ਜੀ ਫੁਰਮਾਉਂਦੇ ਹਨ: "ਗੁਣਵਾਨ ਪਤਨੀ ਉਹ ਨਹੀਂ ਜੋ ਆਪਣੇ ਪਤੀ ਦੇ ਮਰਨ ਉਪਰੰਤ ਜ਼ਿੰਦਾ ਜਲ ਜਾਂਦੀ ਹੈ।ਅਸਲ ਵਿਚ ਉਹੀ ਔਰਤ ਸਤੀ ਅਖਵਾ ਸਕਦੀ ਹੈ ਜਿਹੜੀ ਬਿਰਹੋਂ ਕਰਕੇ ਮਰ ਜਾਂਦੀ ਹੈ।ਹੇ ਨਾਨਕ! ਉਹ ਸਤੀਆਂ ਸੱਚੀਆਂ ਹਨ ਜੋ ਵਿਛੋੜੇ ਨੂੰ ਹਿੰਮਤ ਨਾਲ ਸਹਿ ਕੇ ਆਪਣਾ ਕੁਦਰਤੀ ਜੀਵਨ ਅਨੁਸ਼ਾਸਨ, ਸਤਿਕਾਰਤ ਅਤੇ ਸਦਾਚਾਰਕ ਢੰਗ ਨਾਲ ਬਤੀਤ ਕਰਦੀਆਂ ਹਨ" ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥ ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥ ਭੀ ਸੋ ਸਤੀਆਂ ਜਾਣੀਅਨ ਸੀਲ ਸੰਤੋਖਿ ਰਹੰਨਿ॥ ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ॥ ਗੁ.ਗ੍ਰੰ.ਸਾ

ਗੁਰੂ ਜੀ ਨੇ ਇਸ ਸੰਦੇਸ਼ ਦੁਆਰਾ ਪਹਿਲਾਂ ਪਤਨੀ ਦਾ ਜਿਉਂਦੇ ਜੀਅ ਸੜ ਮਰਨ ਵਾਲੀ ਸਤੀ ਪ੍ਰਥਾ ਦਾ ਖੰਡਨ ਕੀਤਾ ਅਤੇ ਉਨ੍ਹਾਂ ਨੇ ਸੰਸਕ੍ਰਿਤ ਗ੍ਰੰਥ ਭਰਥਰੀ ਹਰੀ ਨਿਰਵੇਦਮ ਦੇ ਹਰੀਹਰ ਉਪਾਧਿਆਇ ਵਿਚਲੀ ਪ੍ਰਬੁੱਧ ਟਿੱਪਣੀ ਨੂੰ ਪ੍ਰਵਾਨ ਕੀਤਾ

ਹੈ, ਜਿਸ ਵਿਚ ਰਾਣੀ ਭਾਨੁਮਤੀ ਆਪਣੇ ਪਤੀ ਭਰਥਰੀ ਹਰੀ ਨੂੰ ਕਹਿੰਦੀ ਹੈ ਕਿ ਸਤੀ ਨੂੰ ਚਿਤਾ ਵਿਚ ਸੜ ਕੇ ਮਰਨ ਦੀ ਕੀ ਲੋੜ ਹੈ, ਬਾਅਦ ਵਿਚ ਜਦੋਂ ਉਸਨੇ ਆਪਣੇ ਪਤੀ ਦੀ ਮੌਤ ਦੀ ਖਬਰ ਸੁਣੀ ਤਾਂ ਉਸਨੇ ਸਦਮੇਂ ਨਾਲ ਮਰਕੇ ਇਸ ਗੱਲ ਦੀ ਪੁਸ਼ਟੀ ਕਰ ਦਿਤੀ। ਤੀਜੀ ਗੱਲ ਗੁਰੂ ਜੀ ਨੇ ਇਹ ਕੀਤੀ ਕਿ ਉਨ੍ਹਾਂ ਨੇ ਹਿੰਦੂਆਂ ਵਿਚ ਸਤਿਕਾਰਤ ਇਸ ਰਸਮ ਬਾਰੇ ਸਿੱਖ ਸਿਧਾਂਤ ਦੇ ਦਿੱਤਾ ਅਤੇ ਉਨ੍ਹਾਂ ਨੇ ਇਸਦੇ ਸੂਖਮ ਅਤੇ ਅੰਦਰੂਨੀ ਅਰਥਾਂ ਦੁਆਰਾ ਇਸਤ੍ਰੀਆਂ ਦੇ ਜਿਉਂਦੇ ਜੀਅ ਸੜ ਮਰਨ ਦੀ ਇਸ ਪ੍ਰਥਾ ਉਪਰ ਉਠਣ ਵਾਲੇ ਸਭ ਦੋਸ਼ਾਂ ਨੂੰ ਰੱਦ ਕਰ ਦਿਤਾ। ਇਸਤੋਂ ਪਹਿਲਾਂ ਅਤੇ ਬਾਅਦ ਵਿਚ ਇਸਤੋਂ ਉਚਾ ਮਨੁੱਖੀ ਆਦਰਸ਼ ਨਹੀਂ ਮਿਲਦਾ, ਜਿਸਨੂੰ ਇਕੋ ਵੇਲੇ ਮਜ਼ਬੂਤੀ ਨਾਲ ਥੰਮ੍ਹਿਆਂ ਅਤੇ ਨਾਲ ਹੀ ਇਸਦਾ ਖੰਡਨ ਵੀ ਕੀਤਾ।

(11)

ਇਸਤ੍ਰੀ ਦੇ ਸਮਾਜਕ ਰੁਤਬੇ ਅਤੇ ਉਸਦੇ ਰਾਜਨੀਤਕ ਅਧਿਕਾਰ ਨਾਲੋਂ ਉਸਦੀ ਧਾਰਮਿਕ ਸਮਰੱਥਾ ਅਤੇ ਉਸਦੇ ਧਾਰਮਿਕ ਅਨੁਭਵ ਦੇ ਅਧਿਕਾਰ ਅਤੇ ਧਰਮ ਦੇ ਸੰਸਥਾਗਤ ਕੰਮਾਂ ਅਤੇ ਪ੍ਰਬੰਧ ਵਿਚ ਹਿੱਸਾ ਲੈਣਾ ਵੱਖਰੀ ਗੱਲ ਹੈ। ਇਕ ਦਾ ਸੰਬੰਧ ਸਮਾਜਕ ਅਤੇ ਰਾਜਨੀਤਕ ਖੇਤਰ ਵਿਚ ਇਸਤ੍ਰੀ ਦੇ ਪੱਖ ਨਾਲ ਹੈ ਤਾਂ ਦੂਜੇ ਦਾ ਸੰਬੰਧ ਇਸਤ੍ਰੀ ਦੁਆਰਾ ਧਰਮ ਦੀਆਂ ਸੰਸਥਾਵਾਂ ਨੂੰ ਅਗਵਾਈ ਦੇਣੀ ਅਤੇ ਉਨ੍ਹਾਂ ਦਾ ਪ੍ਰਬੰਧ ਕਰਨ ਨਾਲ ਹੈ। ਲਗਪੱਗ ਸਾਰੇ ਪ੍ਰਮੁੱਖ ਵਿਸ਼ਵ ਧਰਮਾਂ ਵਿਚ ਔਰਤ ਦੁਆਰਾ ਉਚ ਧਾਰਮਿਕ ਅਨੁਭਵ ਵਿਚ ਹਿੱਸਾ ਲੈਣ ਨੂੰ ਪ੍ਰਵਾਨ ਕੀਤਾ ਗਿਆ ਹੈ, ਪਰ ਉਨ੍ਹਾਂ ਦੁਆਰਾ ਧਾਰਮਿਕ ਸੰਸਥਾਵਾਂ ਨੂੰ ਅਗਵਾਈ ਦੇਣ ਅਤੇ ਉਨ੍ਹਾਂ ਦਾ ਪ੍ਰਬੰਧ ਕਰਨ ਦੀ ਯੋਗਤਾ ਨੂੰ ਨਹੀਂ ਮੰਨਿਆਂ ਗਿਆ। ਅਜਿਹੀ ਅਪ੍ਰਵਾਨਗੀ ਕਿਸੇ ਪ੍ਰਥਾ, ਪ੍ਰੰਪਰਾ ਜਾਂ ਰਾਜਨੀਤਕ ਲੋੜ ਕਰਕੇ ਨਹੀਂ ਸਗੋਂ ਕੁਦਰਤ ਵੱਲੋਂ ਔਰਤ ਦੀ ਮਨੋਵਿਗਿਆਨਕ ਬਣਤਰ ਅਤੇ ਉਸ ਅੰਦਰਲੀ ਅਯੋਗਤਾ ਕਾਰਣ ਦੱਸਿਆ ਗਿਆ ਹੈ-"ਕਿਸੇ ਵੀ ਹਾਲਾਤ ਵਿਚ ਕਿਸੇ ਔਰਤ ਨੂੰ ਦੂਜਿਆਂ ਉਪਰ ਸੱਤ੍ਹਾ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ"। ਹਿੰਦੂ ਕਨੂੰਨ ਘਾੜਿਆਂ ਨੇ ਇਹ ਕਠੋਰ ਨਿਯਮ ਬਣਾਇਆ। 'ਨ ਇਸਤ੍ਰੀ ਸਵਾਤੰਤਰਯ ਮਹੂਰਤਿ'। (ਮਨੂ ਸਿਮਰਤੀ, ਬੁਧ ਸਿਮਰਤੀ, ਗੌਤਮ ਸਿਮਰਤੀ)

ਗੌਤਮ ਬੁੱਧ ਨੇ ਆਪਣੇ ਸਭ ਤੋਂ ਨੇੜੇ ਦੇ ਸਾਥੀ ਆਨੰਦ ਨੂੰ ਬੜੇ ਅਫਸੋਸ ਨਾਲ ਦੱਸਿਆ ਸੀ ਕਿ "ਜੇ ਔਰਤਾਂ ਨੂੰ ਬੁੱਧ ਸੰਘ ਵਿਚ ਸ਼ਾਮਲ ਹੋਣ ਦੀ ਆਗਿਆ ਨਾਂ ਦਿੱਤੀ ਜਾਂਦੀ ਤਾਂ ਇਹ ਧਰਮ ਹਜ਼ਾਰਾਂ ਸਾਲਾਂ ਤੱਕ ਚੱਲਦਾ, ਪਰ ਕਿਉਂਕਿ ਔਰਤਾਂ ਇਸ ਵਿਚ ਸ਼ਾਮਲ ਹੋ ਗਈਆਂ ਹਨ ਇਸ ਕਰਕੇ ਇਹ ਧਰਮ ਪੰਜ ਸੌ ਸਾਲ ਦੇ ਅੰਦਰ ਅੰਦਰ ਹੀ ਖੀਣ ਹੋ ਜਾਵੇਗਾ"। (ਮਹਾਂਪਰਨਿਰਬਾਨਸੁਤ)

ਇਸੇ ਤਰ੍ਹਾਂ ਕੁਰਾਨ ਦਾ ਇਕ ਮਸ਼ਹੂਰ ਟੀਕਾਕਾਰ ਬਯਾਦਵੀ ਕਹਿੰਦਾ ਹੈ, "ਜ਼ਿੰਮੇਵਾਰੀਆਂ ਨਿਭਾਉਣ ਲਈ ਅੱਲਹਾ ਨੇ ਮਰਦ ਨੂੰ ਔਰਤ ਤੋਂ ਵਧੇਰੇ ਮਾਨਸਿਕ ਯੋਗਤਾ ਅਤੇ ਸ਼੍ਰੀਰਕ ਬਲ ਦਿੱਤਾ ਹੈ"। (ਅਨਵਰ ਉਲ ਤੰਜ਼ੀਲ)

ਸ਼ੇਖ ਮੁਹੰਮਦ ਹੁਸੈਨ ਮਖਲੂਫ ਮਿਸਰ ਦੇ ਮੁਫਤੀ ਨੇ ਇਕ ਫਤਵਾ (1952) ਜ਼ਾਰੀ ਕੀਤਾ, "ਇਸਲਾਮ ਦੇ ਸਮਾਜਿਕ ਪ੍ਰਬੰਧ ਵਿਚ ਔਰਤਾਂ ਨੂੰ ਵੋਟ ਦੇਣ ਦਾ ਅਤੇ ਚੁਣਕੇ ਪਾਰਲੀਮੈਂਟ ਵਿਚ ਜਾਣ ਦਾ ਅਧਿਕਾਰ ਨਹੀਂ ਕਿਉਂਕਿ ਉਹ ਜਮਾਂਦਰੂ ਕੁਦਰਤੀ ਤੌਰ ਤੇ ਅਸਥਿਰ ਹੁੰਦੀਆਂ ਹਨ"।

ਯਹੂਦੀ ਮੰਦਰਾਂ ਵਿਚ ਔਰਤਾਂ ਪੂਜਾ ਆਦਿ ਦੇ ਕੰਮਾਂ ਵਿਚ ਕੋਈ ਹਿੱਸਾ ਨਹੀਂ ਲੈਂਦੀਆਂ ਅਤੇ ਉਨ੍ਹਾਂ ਨੂੰ ਇਕ ਵੱਖਰੇ ਪਾਸੇ ਬਿਠਾਇਆ ਜਾਂਦਾ ਹੈ ਜਿੱਥੇ ਅਪਾਰਦਰਸ਼ੀ ਪਰਦਾ ਲੱਗਿਆ ਹੁੰਦਾ ਹੈ। ਸੰਤ ਪਾਲ ਨੇ ਯਹੂਦੀ ਮੰਦਰਾਂ ਤੋਂ ਇਹ ਨਿਯਮ ਸਿੱਖਿਆ ਅਤੇ ਚਰਚਾ ਦੀ ਮਸੀਹੀ ਸੰਗਤ ਵਿਚ ਔਰਤਾਂ ਨੂੰ ਚੁੱਪ ਕਰਕੇ ਬੈਠਣ ਨੂੰ ਕਿਹਾ। ਰੋਮਨ ਕੈਥੋਲਿਕ ਚਰਚਾਂ ਵਿਚ ਅੱਜ ਵੀ ਕਿਸੇ ਔਰਤ ਨੂੰ ਪਾਦਰੀ ਬਨਣ ਦੀ ਆਗਿਆ ਨਹੀਂ ਦਿੱਤੀ ਜਾਂਦੀ।

(12)

'ਧੁਰ ਕੀ ਬਾਣੀ' ਸਾਹਿਤ ਤੋਂ ਕਿਵੇਂ ਭਿੰਨ ਹੈ ਅਤੇ, ਕੀ ਸਾਹਿਤ ਰਚਨਾਂ ਅਤੇ ਬਾਣੀ ਇਕ ਹੀ ਚੀਜ਼ ਹੈ, ਧਰਮ ਦੇ ਇਤਿਹਾਸ ਦੌਰਾਨ ਮਨੁੱਖੀ ਮਨ ਵਿਚ ਪੈਦਾ ਹੋਣ ਵਾਲੇ ਇਹ ਉਚੇ ਅਤੇ ਗੰਭੀਰ ਪ੍ਰਸ਼ਨ ਹਨ। ਪਾਰਖੂ ਲੋਕ ਹੁਣ 'ਬਾਣੀ'

ਅਤੇ 'ਸਾਹਿਤ' ਵਿਚ ਅੰਤਰ ਕਰਨ ਲੱਗ ਪਏ ਹਨ।ਸਾਹਿਤ ਦਾ ਸੰਬੰਧ ਜਗਤ ਅਤੇ ਤਰਕ ਨਾਲ ਹੈ ਜਦੋਂ ਕਿ ਬਾਣੀ ਦੈਵੀ-ਆਵੇਸ਼ ਹੈ।ਸਾਹਿਤ ਦੀ ਉਪਜ ਲੇਖਕ ਦੇ ਆਪਣੇ ਵਿਰੋਧਾਂ ਵਿਚੋਂ ਹੁੰਦੀ ਹੈ, ਜਦੋਂ ਕਿ ਬਾਣੀ ਪਰਾ-ਮਾਨਵੀ ਕਾਰਜ ਹੈ।ਸਾਹਿਤ ਦੀ ਪਰਖ ਇਸਦੇ ਗੁਣ ਅਤੇ ਪ੍ਰਭਾਵ ਤੋਂ ਹੁੰਦੀ ਹੈ, ਜਦੋਂ ਕਿ ਬਾਣੀ ਕੋਲ ਖੁਦਮੁਖਤਾਰ ਪ੍ਰਮਾਣੀਕਤਾ ਹੈ, ਜਿਸ ਨੂੰ ਹਿੰਦੂ 'ਸ੍ਵੈ-ਸਿੱਧ' ਕਹਿੰਦੇ ਹਨ।ਗੁਰੂ ਅਮਰਦਾਸ ਜੀ ਨੇ ਇਸ ਵਿਸ਼ੇ ਬਾਰੇ ਸਪਸ਼ਟ ਫੁਰਮਾਇਆ ਹੈ; "ਦੈਵੀ ਬਾਣੀ ਤੋਂ ਬਿਨਾਂ ਮਨੁੱਖ ਕੋਲ ਹੋਰ ਕੋਈ ਭਰੋਸੇਯੋਗ ਰਾਹ-ਨੁਮਾ ਨਹੀਂ ਹੈ।ਸਾਹਿਤ ਅਸਥਿਰਤਾ ਅਤੇ ਗਲਤੀ ਦੇ ਦੋਸ਼ ਵਾਲਾ ਹੈ, ਸਾਹਿਤ ਦੀ ਉਪਜ ਮਨੁੱਖ ਜਿਹੜਾ ਕਿ ਗਿਆਨ ਪੱਖੋਂ ਹਮੇਸ਼ਾ ਕਮਜ਼ੋਰ ਰਿਹਾ ਹੈ,ਤੋਂ ਵਧੇਰੇ ਚੰਗੀ ਨਹੀਂ"--ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ਕਹਦੇ ਕਚੇ ਸੁਣਦੇ ਕਚੇ ਕਚੀ ਆਖ ਵਖਾਣੀ॥ (ਗੁ.ਗ੍ਰੰ.ਸਾ.)

(13)

ਪਵਿੱਤ੍ਰ ਕੁਰਾਨ ਵਿਚ ਇਸਨੂੰ ਲਾਸਾਨੀ ਕਿਹਾ ਗਿਆ ਹੈ, ਕਿਉਂਕਿ ਇਹ ਆਕਾਸ਼ਬਾਣੀ ਰਾਹੀਂ ਆਈ ਬਾਣੀ ਹੈ ਅਤੇ ਮਨੁੱਖ ਦੀ ਰਚਨਾ ਨਹੀਂ। "ਜੇ ਮਨੁੱਖ ਅਤੇ ਜਿੰਨ ਇਕੱਠੇ ਹੋ ਜਾਣ ਅਤੇ ਕੁਰਾਨ ਵਰਗੀ ਪੁਸਤਕ ਬਨਾਉਣਾ ਚਾਹੁਣ ਤਾਂ ਵੀ ਇਸ ਵਰਗੀ ਚੀਜ਼ ਨਹੀਂ ਬਣਾ ਸਕਣਗੇ"।(17:89) ਕੁਰਾਨ ਦੇ ਲਾਸਾਨੀਪੁਣੇ ਬਾਰੇ ਬਹੁਤ ਪੁਸਤਕਾਂ ਰਚੀਆਂ ਗਈਆਂ ਹਨ।ਇਹ ਦਾਅਵਾ ਇਸ ਪਵਿੱਤ੍ਰ ਗ੍ਰੰਥ ਦੇ ਸਾਹਿਤ ਨਮੂਨੇ, ਇਸਦੀ ਲੈਅ-ਬੱਧ ਵਾਰਤਕ ਦੇ ਆਧਾਰ ਉਪਰ ਕੀਤਾ ਜਾਂਦਾ ਹੈ ਜਿਸਦੇ ਸਿਧਾਂਤ ਦਾ ਅਜੇ ਤੀਕ ਵਿਸ਼ਲੇਸ਼ਣ ਨਹੀਂ ਹੋਇਆ।ਟੀ.ਐਸ. ਈਲੀਅਟ (1888-1965) ਅੰਗ੍ਰੇਜ਼ੀ ਸਾਹਿਤ ਦਾ ਪਿਤਾਮਾ ਸੀ, ਉਸਦੇ ਬਰਾਬਰ ਦਾ ਸਾਹਿਤ ਅੰਗ੍ਰੇਜ਼ੀ ਜਾਂ ਹੋਰਨਾ ਭਾਸ਼ਾਵਾਂ ਵਿਚ ਕੋਈ ਨਹੀਂ।ਉਸਨੇ ਜਿਸ ਕਵਿਤਾ ਵਿਚ ਸਾਹਿਤ ਰਚਿਆ ਉਸਨੂੰ, ਉਸਨੇ 'ਚੱਕਰੀ ਤਕਨੀਕ ਦਾ ਨਾਂ ਦਿੱਤਾ।ਇਸ ਤਕਨੀਕ ਵਿਚ ਸਮੱਸਿਆ ਤਾਂ ਬਿਆਨ ਕੀਤੀ ਜਾਂਦੀ ਹੈ ਪਰ ਇਸਦਾ ਹੱਲ ਜਾਂ ਅੰਤ ਨਹੀਂ ਕੀਤਾ ਜਾਂਦਾ।ਇਸ ਵਿਚ ਠਹਿਰਾਓ ਅਤੇ ਰੋਗ-ਮੁਕਤੀ ਤੋਂ ਬਾਅਦ ਫਿਰ ਕਿਸੇ ਹੋਰ ਢੰਗ ਨਾਲ ਅਤੇ ਵੱਖਰੇ ਪਾਸਿਓਂ ਉਸੇ ਵਿਸ਼ੇ ਵੱਲ ਪਰਤਿਆ ਜਾਂਦਾ ਹੈ।ਧਰਮ ਅਤੇ ਦਰਸ਼ਨ-ਸ਼ਾਸਤ੍ਰ ਦੇ ਖੇਤ੍ਰ ਵਿਚ ਸਾਹਿਤ ਦਾ ਸਪਸ਼ਟ ਵਿਸਥਾਰਿਤ ਆਧਾਰ ਟੀ.ਐਸ.ਈਲੀਅਟ ਨੇ ਹੀ ਦਿੱਤਾ।ਈਲੀਅਟ ਦੀ ਕਵਿਤਾ ਦੇ ਇਹ ਦੋਵੇਂ ਗੁਣ ਅਨੋਖੇ ਢੰਗ ਨਾਲ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਪ੍ਰਾਪਤ ਹੋ ਜਾਂਦੇ ਹਨ:

1.ਭਗਤਾ ਕੀ ਚਾਲ ਨਿਰਾਲੀ॥ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗ ਚਲਣਾ॥(ਰਾਮਕਲੀ ਮ:3)
2.ਏਹੁ ਸੋਹਿਲਾ ਸਬਦੁ ਸੁਹਾਵਾ॥ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ॥
3.ਜੇ ਕੋ ਸਿਖੁ ਗੁਰੂ ਸੇਤੀ ਸਨਮੁਖ ਹੋਵੈ॥ਹੋਵੈ ਤ ਸਨਮੁਖ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥
4.ਜੀਅਹੁ ਨਿਰਮਲ ਬਾਹਰਹੁ ਨਿਰਮਲ॥ ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥

ਫਿਰ ਜਦੋਂ ਈਲੀਅਟ ਆਪਣੀ ਪੁਸਤਕ Four Quarters ਵਿਚ 'ਅਕਾਲ ਵਿਚੋਂ ਕਾਲ ਨਾਲ ਲਾਂਘਾ' ਦੀ ਗੱਲ ਕਰਦਾ ਹੈ ਤਾਂ ਉਹ ਉਹੀ ਕਹਿਣ ਦੀ ਕੋਸ਼ਿਸ਼ ਕਰਦਾ ਹੈ ਜੋ ਗੁਰੂ ਅਮਰਦਾਸ ਜੀ ਰਾਮਕਲੀ ਆਨੰਦ ਵਿਚ ਕਹਿੰਦੇ ਹਨ: "ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ"॥ ਐ! ਮੇਰੇ ਮਨ, ਤੂੰ ਹਮੇਸ਼ਾ ਵਾਹਿਗੁਰੂ ਨਾਲ ਜੁੜਿਆ ਰਹਿ।